

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਊਸ਼ਾ ਵੈਂਸ ਅਮਰੀਕਾ ਦੀ ਦੂਜੀ ਮਹਿਲਾ ਵਜੋਂ ਸੇਵਾ ਨਿਭਾਉਣ ਵਾਲੀ ਪਹਿਲੀ ਭਾਰਤੀ-ਅਮਰੀਕੀ ਬਣੀ 05

**ਅੰਦਰਲੀ ਖ਼ਬਰ**
ਪਾਕਿ 'ਚ ਪਹਿਲੀ ਵਾਰ ਸਿੱਖ ਜੋੜੇ ਨੂੰ ਮਿਲਿਆ ਆਨੰਦ ਕਾਰਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ 07



**ਪੰਨਾ ਨੰ.:6 ਲੇਖ**
ਲੀਹੋਂ ਲੱਥੇ ਪੰਜਾਬੀ, ਹੋਰ ਕਿੰਨੀਂ ਕੁ ਬਰਬਾਦੀ ?



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
23 ਜਨਵਰੀ ਤੋਂ 29 ਜਨਵਰੀ, 2025
Email :- editor@punjabstar.com, Vo.20.Issue:1169


# ਤੁਰਕੀ: ਸਕੀ ਰਿਜ਼ੌਰਟ ਦੇ ਹੋਟਲ 'ਚ ਅੱਗ; 66 ਮੌਤਾਂ



(ਪੰਜਾਬ ਸਟਾਰ ਬਿਊਰੋ)

ਅੰਕਾਰਾ : ਤੁਰਕੀ ਦੇ ਮਸ਼ਹੂਰ ਸਕੀਅ ਰਿਜ਼ੌਰਟ ਦੇ ਇੱਕ ਹੋਟਲ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 66 ਵਿਅਕਤੀਆਂ ਦੀ ਮੌਤ ਹੋ ਗਈ ਹੈ। ਗ੍ਰਹਿ ਮੰਤਰੀ ਅਲੀ ਯੇਰਿਲਕਾਇਆ ਨੇ ਦੱਸਿਆ ਕਿ ਇਸ ਘਟਨਾ 'ਚ ਘੱਟੋ-ਘੱਟ 51 ਹੋਰ ਜਣੇ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਘਟਨਾ ਸਥਾਨ ਦੇ ਦੌਰੇ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਸਾਨੂੰ ਇਸ ਘਟਨਾ ਦਾ ਬੇਹੱਦ ਅਫ਼ਸੋਸ ਹੈ। ਇਸ ਹੋਟਲ ਵਿੱਚ ਲੱਗੀ ਅੱਗ ਕਾਰਨ ਅਸੀਂ ਬਦਕਿਸਮਤੀ ਨਾਲ 66 ਜ਼ਿੰਦਗੀਆਂ ਗੁਆ ਚੁੱਕੇ ਹਾਂ। ਸਿਹਤ ਮੰਤਰੀ ਕੇਮਲ ਮੈਮੀਸੋਗਲੂ ਨੇ ਕਿਹਾ ਕਿ ਜ਼ਖਮੀਆਂ 'ਚੋਂ ਇੱਕ ਦੀ ਹਾਲਤ ਕਾਫ਼ੀ ਗੰਭੀਰ ਹੈ। ਅਧਿਕਾਰੀਆਂ ਅਤੇ ਖ਼ਬਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਾਰਤਲਕਾਇਆ 'ਚ ਸਥਿਤ ਰਿਜ਼ੌਰਟ ਦੇ ਹੋਟਲ ਗਰੈਂਡ ਕਾਰਤਲ ਦੇ 12 ਮੰਜ਼ਿਲਾ ਰੈਸਟੋਰੈਂਟ ਵਿੱਚ ਸਵੇਰੇ 3.30 ਵਜੇ ਅੱਗ ਲੱਗੀ। ਘਟਨਾ ਦੇ ਕਾਰਨਾਂ ਦੀ ਜਾਂਚ ਜਾਰੀ ਹੈ।

* ਬਾਕੀ ਸਫਾ 2 'ਤੇ

# ਕੈਨੇਡਾ ਨਹੀਂ ਝੁਕੇਗਾ;

## ਅਮਰੀਕਾ ਤੋਂ ਟਰੂਡੋ ਨਾਰਾਜ਼



(ਪੰਜਾਬ ਸਟਾਰ ਬਿਊਰੋ)

**ਟਰੰਪ-ਟਰੂਡੋ ਟੈਰਿਫ ਤਣਾਅ:** ਕੈਨੇਡਾ ਦੀ ਨਵੀਂ ਰਣਨੀਤੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਅਤੇ ਮੈਕਸੀਕੋ 'ਤੇ 25% ਟੈਰਿਫ ਲਗਾਉਣ ਦੇ ਸੰਕੇਤ ਦੇਣ ਤੋਂ ਬਾਅਦ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਤਿੱਖੀ ਪ੍ਰਤੀਕਿਰਿਆ ਜਤਾਈ ਹੈ। ਟਰੂਡੋ ਨੇ ਟਰੰਪ ਉਤੇ ਅਰਾਜਕਤਾ ਫੈਲਾਉਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਕੈਨੇਡਾ ਆਪਣੇ ਆਤਮ-ਸੰਮਾਨ ਤੋਂ ਪਿੱਛੇ ਨਹੀਂ ਹਟੇਗਾ।


**ਟਰੰਪ ਦੀ ਨਵੀਂ ਟੈਰਿਫ ਨੀਤੀ:** 1 ਫਰਵਰੀ 2025 ਤੋਂ 25% ਤੱਕ ਟੈਰਿਫ ਲਗਾਉਣ ਦਾ ਸੰਕੇਤ। ਵਪਾਰਕ ਸਬੰਧਾਂ 'ਚ ਅਣਸੁਣੀ ਅਤੇ ਤਣਾਅ ਪੈਦਾ ਕਰਨ ਦੀ ਕੋਸ਼ਿਸ਼।

ਟਰੂਡੋ ਦੇ ਅਨੁਸਾਰ, ਇਹ ਕੈਨੇਡਾ ਅਤੇ

* ਬਾਕੀ ਸਫਾ 2 'ਤੇ

# ਲਾਸ ਏਂਜਲਸ 'ਚ ਇਕ ਹੋਰ ਜੰਗਲ ਦੀ ਅੱਗ

## ਸੜਿਆ 8 ਹਜ਼ਾਰ ਏਕੜ ਦਾ ਇਲਾਕਾ, 31 ਹਜ਼ਾਰ ਲੋਕਾਂ ਦਾ ਰੈਸਕਿਊ



ਲਾਸ ਏਂਜਲਸ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਲਾਸ ਏਂਜਲਸ ਵਿੱਚ ਇੱਕ ਵਾਰ ਫਿਰ ਅੱਗ ਭੜਕ ਗਈ ਹੈ। ਲਾਸ ਏਂਜਲਸ ਦੇ ਉੱਤਰ ਵਿੱਚ ਇੱਕ ਨਵੀਂ ਜੰਗਲੀ ਅੱਗ ਲੱਗ ਗਈ ਹੈ, ਜੋ ਪਹਿਲਾਂ ਹੀ ਇੱਕ ਵੱਡੀ ਅੱਗ ਦੀ ਲਪੇਟ ਵਿੱਚ ਹੈ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਲਈ ਮਜਬੂਰ ਹੋਣਾ ਪਿਆ ਹੈ। ਦੋ ਘਾਤਕ ਅੱਗਾਂ ਤੋਂ ਬਾਅਦ ਇਹ ਇਲਾਕਾ ਪਹਿਲਾਂ ਹੀ ਸੰਕਟ ਵਿੱਚ ਹੈ। ਬੁੱਧਵਾਰ ਨੂੰ ਕਾਸਟੈਕ ਝੀਲ ਦੇ ਨੇੜੇ ਪਹਾੜੀਆਂ ਵਿੱਚ ਭਿਆਨਕ ਅੱਗ ਫੈਲ ਰਹੀ ਸੀ,

* ਬਾਕੀ ਸਫਾ 2 'ਤੇ

# ਅਮਰੀਕਾ 'ਚ ਬਰਫੀਲੇ ਤੂਫਾਨ ਕਾਰਨ 10 ਲੋਕਾਂ ਦੀ ਮੌਤ, 2100 ਉਡਾਣਾਂ ਰੱਦ

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਕਈ ਦੱਖਣੀ ਸੂਬੇ ਭਾਰੀ ਬਰਫ਼ਬਾਰੀ ਦਾ ਸਾਹਮਣਾ ਕਰ ਰਹੇ ਹਨ। ਜਾਣਕਾਰੀ ਅਨੁਸਾਰ ਇਸ ਤੂਫਾਨ ਕਾਰਨ ਹੁਣ ਤੱਕ ਲੱਗਭਗ 10 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 2100 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮਿਸੀਸਿਪੀ, ਅਲਬਾਮਾ, ਫਲੋਰੀਡਾ, ਜਾਰਜੀਆ ਤੇ ਲੁਈਸਿਆਨਾ ਸਮੇਤ ਕਈ ਸੂਬਿਆਂ ਨੇ ਐਮਰਜੈਂਸੀ ਐਲਾਨ ਦਿੱਤੀ ਹੈ।ਕਈ ਇਲਾਕਿਆਂ 'ਚ ਰਿਕਾਰਡ ਬਰਫ਼ਬਾਰੀ ਕਾਰਨ ਸਕੂਲ ਤੇ ਸਰਕਾਰੀ ਦਫ਼ਤਰ ਬੰਦ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਯੂ. ਐੱਸ. ਨੈਸ਼ਨਲ ਵੈਦਰ ਸਰਵਿਸ ਨੇ ਚਿਤਾਵਨੀ ਦਿੱਤੀ ਸੀ ਕਿ ਬਰਫੀਲੇ ਤੂਫਾਨ ਕਾਰਨ ਅਮਰੀਕਾ ਦੇ ਦੱਖਣ-ਪੂਰਬੀ ਸੂਬਿਆਂ 'ਚ ਭਾਰੀ ਬਰਫ਼ਬਾਰੀ ਹੋ ਸਕਦੀ ਹੈ। ਸੜਕਾਂ ਬੰਦ ਹੋਣ ਕਾਰਨ ਅਮਰੀਕਾ

* ਬਾਕੀ ਸਫਾ 2 'ਤੇ

# ਟੋਰਾਂਟੋ ਪੁਲਿਸ ਨੇ ਫੜੀ 835 ਕਿਲੋ ਕੋਕੀਨ, 6 ਗ੍ਰਿਫ਼ਤਾਰ

## ਟੋਰਾਂਟੋ ਪੁਲਿਸ ਵੱਲੋਂ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਟੋਰਾਂਟੋ ਪੁਲਿਸ ਵੱਲੋਂ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਮੁਤਾਬਕ 835 ਕਿਲੋ ਕੋਕੀਨ ਜ਼ਬਤ ਕਰਦਿਆਂ ਛੇ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਨਸ਼ੀਲੇ ਪਦਾਰਥ ਦੀ ਕੀਮਤ 8 ਕਰੋੜ 30 ਲੱਖ ਡਾਲਰ ਦੱਸੀ ਜਾ ਰਹੀ ਹੈ। ਟੋਰਾਂਟੋ ਪੁਲਿਸ ਦੇ ਮੁਖੀ ਮਾਇਰਨ ਡਿਮਕਿਊ ਨੇ ਐਨੀ ਵੱਡੀ ਬਰਾਮਦਗੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਨਸ਼ਿਆਂ ਨੂੰ ਸ਼ਹਿਰ ਦੀਆਂ ਗਲੀਆਂ ਵਿਚੋਂ ਦੂਰ ਕਰ ਕੇ ਜਿਥੇ ਵੱਡੀ ਗਿਣਤੀ ਵਿਚ ਜ਼ਿੰਦਗੀਆਂ ਬਚੀਆਂ, ਉਥੇ ਹੀ ਹਿੰਸਾ ਰੋਕਣ ਵਿਚ ਮਦਦ ਮਿਲੀ ਅਤੇ ਖਤਰਨਾਕ ਅਪਰਾਧਕ ਗਿਰੋਹਾਂ ਦਾ ਪਰਦਾ ਫ਼ਾਸ਼ ਵੀ ਕਰ ਦਿਤਾ ਗਿਆ।

**ਮੈਕਸੀਕੋ ਦੇ ਨਸ਼ਾ ਤਸਕਰਾਂ ਨੇ ਭੇਜਿਆ ਸੀ 83 ਮਿਲੀਅਨ ਡਾਲਰ ਦਾ ਨਸ਼ਾ**

ਇਸੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਪਰਡੈਂਟ ਪੌਲ

* ਬਾਕੀ ਸਫਾ 2 'ਤੇ

# ਅਮਰੀਕਾ 'ਚ 'ਟਰੰਪ ਯੁੱਗ' ਸ਼ੁਰੂ ਹੁੰਦਿਆਂ ਹੀ ਪਹਿਲੇ ਦਿਨ ਵੱਡੇ ਹੁਕਮ ਜਾਰੀ

* ਬਾਇਡਨ ਸਰਕਾਰ ਦੇ 78 ਫੈਸਲੇ ਕੀਤੇ ਰੱਦ; 1500 ਲੋਕਾਂ ਨੂੰ ਦਿੱਤੀ ਮੁਆਫ਼ੀ
* ਡਬਲਯੂ.ਐੱਚ.ਓ. ਦੀ ਮੈਂਬਰਸ਼ਿਪ ਤੋਂ ਵੀ ਹਟਿਆ ਅਮਰੀਕਾ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਡੋਨਾਲਡ ਟਰੰਪ ਨੇ ਸੋਮਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਨਾਲ ਉਹ ਅਧਿਕਾਰਤ ਤੌਰ 'ਤੇ ਦੇਸ਼ ਦੇ ਰਾਸ਼ਟਰਪਤੀ ਬਣ ਗਏ ਹਨ। ਟਰੰਪ ਨੇ ਅਹੁਦਾ ਸੰਭਾਲਦੇ ਹੀ ਕਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਹਨ। ਇਨ੍ਹਾਂ ਵਿਚ ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਦੀ ਮੈਂਬਰਸ਼ਿਪ ਤੋਂ ਅਮਰੀਕਾ ਨੂੰ ਵਾਪਸ ਲੈਣ ਦਾ ਹੁਕਮ ਵੀ ਸ਼ਾਮਲ ਹੈ।

ਟਰੰਪ ਸਹੁੰ ਚੁੱਕਣ ਤੋਂ ਬਾਅਦ ਓਵਲ ਦਫ਼ਤਰ ਪਹੁੰਚੇ। ਉਨ੍ਹਾਂ ਇੱਥੇ ਕਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ। ਇਸ ਦੌਰਾਨ ਉਨ੍ਹਾਂ ਨੇ ਜੋਅ ਬਾਇਡਨ ਸਰਕਾਰ ਦੇ ਵੱਡੀ ਗਿਣਤੀ 'ਚ 78 ਫੈਸਲਿਆਂ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਪੈਰਿਸ ਜਲਵਾਯੂ ਸਮਝੌਤੇ ਤੋਂ ਅਮਰੀਕਾ ਦੇ ਪਿੱਛੇ ਹਟਣ ਦਾ ਐਲਾਨ ਕੀਤਾ। ਟਰੰਪ ਨੇ ਕਿਹਾ ਕਿ ਅਸੀਂ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰਨ ਜਾ ਰਹੇ ਹਾਂ। ਸਭ ਤੋਂ ਪਹਿਲਾਂ ਮੈਂ ਪਿਛਲੀ ਸਰਕਾਰ ਵੱਲੋਂ ਲਏ ਗਏ ਵਿਨਾਸ਼ਕਾਰੀ ਫੈਸਲਿਆਂ ਨੂੰ ਰੱਦ ਕਰਾਂਗਾ। ਇਹ ਅਮਰੀਕੀ ਇਤਿਹਾਸ ਦੀ ਸਭ ਤੋਂ ਭੈੜੀ ਸਰਕਾਰ ਸੀ।

ਸਹੁੰ ਚੁੱਕਦੇ ਹੀ ਟਰੰਪ ਨੇ ਜਿਹੜੀਆਂ ਫਾਈਲਾਂ 'ਤੇ ਦਸਤਖ਼ਤ ਕੀਤੇ, ਉਨ੍ਹਾਂ ਵਿਚ ਸ਼ਾਮਲ ਹਨ:-

- ਕੈਪੀਟਲ ਹਿੱਲ 'ਤੇ 6 ਜਨਵਰੀ 2021 ਨੂੰ ਹੋਏ ਹਮਲੇ ਦੇ ਦੋਸ਼ੀ 1500 ਲੋਕਾਂ ਨੂੰ ਮੁਆਫ਼ੀ।
- ਡਰੱਗਜ਼ ਕਾਰਟੈਲ ਨੂੰ ਅੱਤਵਾਦੀ ਸੰਗਠਨ ਐਲਾਨਿਆ ਜਾਵੇਗਾ।

* ਬਾਕੀ ਸਫਾ 2 'ਤੇ

# ਅਮਰੀਕਾ 'ਚ ਜਨਮ ਦੇ ਆਧਾਰ 'ਤੇ ਖ਼ਤਮ ਹੋਵੇਗੀ ਨਾਗਰਿਕਤਾ, ਟਰੰਪ ਦੇ ਇਸ ਫ਼ੈਸਲੇ ਨਾਲ ਕਿੰਨੇ ਲੋਕਾਂ ਨੂੰ ਲੱਗੇਗਾ ਵੱਡਾ ਝਟਕਾ?



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਨਿਊਜਰਸੀ ਸਮੇਤ ਅਮਰੀਕਾ ਦੇ 22 ਤੋਂ ਵੱਧ ਰਾਜਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇੱਕ ਕਾਰਜਕਾਰੀ ਹੁਕਮ ਨੂੰ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਇਸ ਕਾਰਜਕਾਰੀ ਹੁਕਮ ਦੇ ਤਹਿਤ ਅਮਰੀਕਾ 'ਚ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੀ ਸੰਵਿਧਾਨਕ ਗਾਰੰਟੀ ਨੂੰ ਖਤਮ ਕਰ ਦਿੱਤਾ ਜਾਵੇਗਾ। ਨਿਊ ਜਰਸੀ ਦੇ ਡੈਮੋਕਰੇਟਿਕ ਅਟਾਰਨੀ ਜਨਰਲ ਮੈਟ ਪਲੈਟਕਿਨ ਨੇ ਕਿਹਾ ਕਿ ਉਹ ਟਰੰਪ ਦੇ ਆਦੇਸ਼ ਨੂੰ ਰੋਕਣ ਲਈ ਮੁਕੱਦਮਾ ਦਾਇਰ ਕਰਨ ਲਈ 22 ਰਾਜਾਂ, ਡਿਸਟ੍ਰਿਕਟ ਆਫ ਕੋਲੰਬੀਆ ਅਤੇ ਸੈਨ ਫਰਾਂਸਿਸਕੋ ਸ਼ਹਿਰ ਦੀ ਅਗਵਾਈ ਕਰ ਰਹੇ ਹਨ।

* ਬਾਕੀ ਸਫਾ 2 'ਤੇ

## ਟਰੰਪ ਦੇ ਲਪੇਟੇ 'ਚ ਆਉਣਗੇ 18000 ਗੈਰ-ਕਾਨੂੰਨੀ ਭਾਰਤੀ

### ਭਾਰਤ ਨੇ ਵੀ ਪ੍ਰਵਾਸੀਆਂ ਦੀ ਵਾਪਸੀ ਲਈ ਭਰਿਆ ਹੁੰਗਾਰਾ

(ਪੰਜਾਬ ਸਟਾਰ ਬਿਊਰੋ)

ਭਾਰਤ ਸਰਕਾਰ ਨੇ 18,000 ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਲਿਆਉਣ ਦੀ ਤਿਆਰੀ ਕਰ ਲਈ ਹੈ। ਅਮਰੀਕਾ ਅਤੇ ਭਾਰਤ ਨੇ ਸਾਂਝੇ ਤੌਰ 'ਤੇ ਇਨ੍ਹਾਂ ਪ੍ਰਵਾਸੀਆਂ ਦੀ ਪਛਾਣ ਕੀਤੀ ਹੈ। ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ।

ਬਲੂਮਬਰਗ ਦੀ ਰਿਪੋਰਟ ਮੁਤਾਬਕ ਭਾਰਤ ਪਹਿਲਾਂ ਹੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲੈਣ 'ਚ ਸਹਿਯੋਗ ਦਿਖਾ ਰਿਹਾ ਹੈ। ਅਕਤੂਬਰ 2024 ਵਿੱਚ ਚਾਰਟਰ ਫ਼ਲਾਈਟ ਰਾਹੀਂ 100 ਤੋਂ ਵੱਧ ਭਾਰਤੀਆਂ ਨੂੰ ਵਾਪਸ ਲਿਆਂਦਾ ਗਿਆ ਸੀ। ਚਾਰਟਰਡ ਉਡਾਣਾਂ ਰਾਹੀਂ

* ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਅਮਰੀਕਾ 'ਚ ਸਕੂਲਾਂ, ਗਿਰਜਾਘਰਾਂ ਵਰਗੀਆਂ ਥਾਵਾਂ 'ਤੇ ਪ੍ਰਵਾਸੀਆਂ ਨੂੰ ਹਿਰਾਸਤ 'ਚ ਲੈਣ 'ਤੇ ਰੋਕ ਲਗਾਉਣ ਵਾਲੀਆਂ ਨੀਤੀਆਂ ਖ਼ਤਮ



ਸਾਨ ਫ਼ਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਸਕੂਲਾਂ ਅਤੇ ਗਿਰਜਾਘਰਾਂ ਵਰਗੀਆਂ ਸੰਵੇਦਨਸ਼ੀਲ ਥਾਵਾਂ 'ਤੇ ਪ੍ਰਵਾਸੀਆਂ ਨੂੰ ਹਿਰਾਸਤ 'ਚ ਲੈਣ 'ਤੇ ਰੋਕ ਲਗਾਉਣ ਵਾਲੀਆਂ ਨੀਤੀਆਂ ਨੂੰ ਵੀ ਖ਼ਤਮ ਕਰ ਦਿਤਾ ਹੈ। ਇਹ ਕਦਮ ਉਨ੍ਹਾਂ ਹਦਾਇਤਾਂ ਨੂੰ ਉਲਟਾਉਂਦਾ ਹੈ ਜਿਨ੍ਹਾਂ ਨੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈ.ਸੀ.ਈ.) ਅਤੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ..ਪੀ) ਨੂੰ ਸੰਵੇਦਨਸ਼ੀਲ ਥਾਵਾਂ 'ਤੇ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਰੋਕਿਆ ਸੀ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਮੰਗਲਵਾਰ ਨੂੰ ਇਕ ਬਿਆਨ ਵਿਚ ਕਿਹਾ, ''ਇਹ ਕਦਮ ਸੀ.ਬੀ.ਪੀ. ਅਤੇ ਆਈ.ਸੀ.ਈ. ਵਿਚ ਸਾਡੇ ਮੁਲਾਜ਼ਮਾਂ ਨੂੰ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਕਾਤਲਾਂ ਅਤੇ ਜਬਰ ਜਨਾਹੀਆਂ ਸਮੇਤ ਅਪਰਾਧਕ ਵਿਦੇਸ਼ੀਆਂ ਨੂੰ ਫੜਨ ਦਾ ਅਧਿਕਾਰ ਦਿੰਦਾ ਹੈ, ਜੋ ਗੈਰਕਾਨੂੰਨੀ ਤਰੀਕੇ ਨਾਲ ਸਾਡੇ ਦੇਸ਼ ਵਿਚ ਆਉਂਦੇ ਹਨ।

ਗ੍ਰਿਫ਼ਤਾਰੀ ਤੋਂ ਬਚਣ ਲਈ ਅਪਰਾਧੀ ਹੁਣ ਅਮਰੀਕਾ ਦੇ ਸਕੂਲਾਂ ਅਤੇ ਗਿਰਜਾਘਰਾਂ ਵਿਚ ਲੁਕ ਨਹੀਂ ਸਕਣਗੇ। '' ਦੂਜੇ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣ ਦੇ ਨਾਲ ਹੀ ਕੁੱਝ ਪਰਵਾਰ ਇਸ ਗੱਲ ਨੂੰ ਲੈ ਕੇ ਉਲਝਣ 'ਚ ਹਨ ਕਿ ਕੀ ਅਪਣੇ ਬੱਚਿਆਂ ਨੂੰ ਸਕੂਲ ਭੇਜਣਾ ਹੁਣ ਸੁਰੱਖਿਅਤ ਹੈ?

ਕਈ ਜ਼ਿਲ੍ਹਿਆਂ 'ਚ ਅਧਿਆਪਕਾਂ ਨੇ ਮਾਪਿਆਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਕੂਲ ਉਨ੍ਹਾਂ ਦੇ ਬੱਚਿਆਂ ਲਈ ਸੁਰੱਖਿਅਤ ਸਥਾਨ ਹਨ। (ਏਜੰਸੀ) ਦਰਅਸਲ ਟਰੰਪ ਪ੍ਰਸ਼ਾਸਨ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ ਦਹਾਕਿਆਂ ਪੁਰਾਣੀ ਨੀਤੀ ਨੂੰ ਖ਼ਤਮ ਕਰੇਗਾ ਅਤੇ ਸੰਘੀ ਇਮੀਗ੍ਰੇਸ਼ਨ ਏਜੰਸੀਆਂ ਨੂੰ ਸਕੂਲਾਂ, ਗਿਰਜਾਘਰਾਂ ਅਤੇ ਹਸਪਤਾਲਾਂ ਵਿਚ ਗ੍ਰਿਫ਼ਤਾਰੀਆਂ ਕਰਨ ਦੀ ਇਜਾਜ਼ਤ ਦੇਵੇਗਾ। ਇਸ ਨਾਲ ਮਾਪਿਆਂ 'ਚ ਚਿੰਤਾ ਪੈਦਾ ਹੋ ਗਈ ਹੈ।

ਮੈਕਸੀਕੋ ਤੋਂ ਆਈ ਕਾਰਮੈਨ ਨੇ ਇਹ ਸੁਣ ਕੇ ਕਿ ਟਰੰਪ ਪ੍ਰਸ਼ਾਸਨ ਨੇ ਸੰਵੇਦਨਸ਼ੀਲ ਥਾਵਾਂ 'ਤੇ ਗ੍ਰਿਫ਼ਤਾਰੀਆਂ ਵਿਰੁਧ ਅਪਣੀ ਨੀਤੀ ਬਦਲ ਦਿਤੀ ਹੈ, ਕਿਹਾ, ''ਹੇ ਰੱਬ! ਉਹ ਅਜਿਹਾ ਕਿਉਂ ਕਰਨਗੇ, ਮੈਂ ਸੋਚ ਵੀ ਨਹੀਂ ਸਕਦਾ। '' ਉਹ ਅਪਣੇ ਛੇ ਅਤੇ ਚਾਰ ਸਾਲ ਦੇ ਦੋ ਪੋਤੇ-ਪੋਤੀਆਂ ਨੂੰ ਬੁਧਵਾਰ ਨੂੰ ਸੈਨ ਫਰਾਂਸਿਸਕੋ ਦੇ ਅਪਣੇ ਸਕੂਲ ਲਿਜਾਣ ਦੀ ਯੋਜਨਾ ਬਣਾ ਰਹੀ ਹੈ।

ਦੇਸ਼ ਭਰ ਦੇ ਪ੍ਰਵਾਸੀ ਲੱਖਾਂ ਲੋਕਾਂ ਨੂੰ ਵਾਪਸ ਭੇਜਣ ਦੇ ਟਰੰਪ ਦੇ ਵਾਅਦੇ ਤੋਂ ਚਿੰਤਤ ਹਨ। ਇਮੀਗ੍ਰੇਸ਼ਨ ਨੀਤੀ 'ਚ ਤੇਜ਼ੀ ਨਾਲ ਤਬਦੀਲੀਆਂ ਨੇ ਬਹੁਤ ਸਾਰੇ ਲੋਕਾਂ ਨੂੰ ਭਵਿੱਖ ਬਾਰੇ ਅਨਿਸ਼ਚਿਤਤਾ ਨਾਲ ਭਰ ਦਿਤਾ ਹੈ।

# ਕੈਨੇਡਾ 'ਚ ਭਾਰਤੀਆਂ ਤੋਂ ਜਬਰੀ ਵਸੂਲੀ ਕਰਨ ਵਾਲੇ ਗਿਰੋਹ ਦਾ ਸਰਗਣਾ ਕਾਬੂ




ਐਡਮਿੰਟਨ : ਕੈਨੇਡਾ ਵਿਚ ਭਾਰਤੀ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਕਰਨ ਵਾਲੇ ਗਿਰੋਹ ਦਾ ਸਰਗਣਾ ਸੰਯੁਕਤ ਅਰਬ ਅਮੀਰਾਤ ਵਿਚ ਕਾਬੂ ਆ ਗਿਆ ਹੈ। ਜੀ ਹਾਂ, 'ਪ੍ਰੌਜੈਕਟ ਗੈਸਲਾਈਟ' ਅਧੀਨ ਕੀਤੀ ਪੜਤਾਲ ਦੌਰਾਨ ਐਡਮਿੰਟਨ ਪੁਲਿਸ ਵੱਲੋਂ ਮਨਿੰਦਰ ਧਾਲੀਵਾਲ ਅਤੇ ਛੇ ਹੋਰਨਾਂ ਵਿਰੁੱਧ 54 ਦੋਸ਼ ਆਇਦ ਕੀਤੇ ਗਏ ਸਨ ਪਰ ਮਨਿੰਦਰ ਧਾਲੀਵਾਲ ਨੂੰ ਕਾਬੂ ਨਾ ਕੀਤਾ ਜਾ ਸਕਿਆ। ਹੁਣ ਮਨਿੰਦਰ ਧਾਲੀਵਾਲ ਦੇ ਸੰਯੁਕਤ ਅਰਬ ਅਮੀਰਾਤ ਵਿਚ ਗ੍ਰਿਫ਼ਤਾਰ ਹੋਣ ਮਗਰੋਂ ਐਡਮਿੰਟਨ ਪੁਲਿਸ ਉਸ ਦੇ ਹਵਾਲਗੀ ਦੇ ਯਤਨ ਕਰ ਰਹੀ ਹੈ। ਐਲਬਰਟਾ ਵਿਚ 40 ਘਰਾਂ ਨੂੰ ਅੱਗ ਲਾਉਣ ਦੀਆਂ ਵਾਰਦਾਤਾਂ ਮਗਰੋਂ ਸ਼ੁਰੂ ਹੋਈ ਪੜਤਾਲ ਦੇ ਆਧਾਰ 'ਤੇ ਐਡਮਿੰਟਨ ਪੁਲਿਸ ਵੱਲੋਂ 34 ਸਾਲ ਦੇ ਮਨਿੰਦਰ ਧਾਲੀਵਾਲ ਤੋਂ ਇਲਾਵਾ 20 ਸਾਲ ਦੀ ਜਸ਼ਨਦੀਪ ਕੌਰ, 20 ਸਾਲ ਦੇ ਗੁਰਕਰਨ ਸਿੰਘ, 19 ਸਾਲ ਦੇ ਮਾਨਵ ਹੀਰ, 21 ਸਾਲ ਦੇ ਪਰਮਿੰਦਰ ਸਿੰਘ, 19 ਸਾਲ ਦੇ ਦਿਵਨੂਰ ਆਸ਼ਟ ਅਤੇ 17 ਸਾਲ ਦੇ ਇਕ ਅੱਲ੍ਹੜ ਵਿਰੁੱਧ ਜਬਰੀ ਵਸੂਲੀ, ਅਗਜ਼ਨੀ, ਹਥਿਆਰ ਰੱਖਣ, ਹਥਿਆਰ ਨਾਲ ਹਮਲਾ ਕਰਨ ਅਤੇ ਅਪਰਾਧਕ ਗਿਰੋਹ ਵਿਚ ਸ਼ਾਮਲ ਹੋਣ ਦੇ ਦੋਸ਼ ਆਇਦ ਕੀਤੇ ਗਏ ਸਨ।

### ਮਨਿੰਦਰ ਧਾਲੀਵਾਲ ਦੀ ਯੂ.ਏ.ਈ. ਵਿਚ ਗ੍ਰਿਫ਼ਤਾਰੀ

ਪੁਲਿਸ ਦਾ ਦੋਸ਼ ਹੈ ਕਿ ਮਨਿੰਦਰ ਧਾਲੀਵਾਲ ਨੇ ਵਿਦੇਸ਼ੀ ਧਰਤੀ ਤੋਂ ਅਪਰਾਧਕ ਸਰਗਰਮੀਆਂ ਚਲਾਈਆਂ ਅਤੇ ਐਡਮਿੰਟਨ ਵਿਖੇ ਨੌਜਵਾਨਾਂ ਨੂੰ ਆਪਣੇ ਗਿਰੋਹ ਵਿਚ ਸ਼ਾਮਲ ਕਰਦਿਆਂ ਲੋਕਾਂ ਨੂੰ ਧਮਕਾਉਣ ਦੀ ਜ਼ਿੰਮੇਵਾਰੀ ਸੌਂਪੀ। ਇਸ ਤੋਂ ਇਲਾਵਾ ਮੰਗੀ ਗਈ ਰਕਮ ਨਾ ਮਿਲਣ 'ਤੇ ਮਕਾਨਾਂ ਨੂੰ ਅੱਗ ਲਾਉਣ ਦੀਆਂ ਵਾਰਦਾਤਾਂ ਵੀ ਕੀਤੀਆਂ ਗਈਆਂ। ਘਰਾਂ ਨੂੰ ਅੱਗ ਲਾਉਣ ਤੋਂ ਇਲਾਵਾ ਨਿਸ਼ਾਨਾ ਬਣਾਏ ਜਾਣ ਵਾਲੇ ਲੋਕਾਂ ਦੇ ਘਰਾਂ 'ਤੇ ਗੋਲੀਆਂ ਵੀ ਚਲਾਈਆਂ ਗਈਆਂ। ਕੈਨੇਡਾ ਵਿਚ ਅਮੀਰ ਸਾਊਥ ਏਸ਼ੀਅਨਜ਼ ਤੋਂ ਜਬਰੀ ਵਸੂਲੀ ਦੇ ਸਭ ਤੋਂ ਵੱਧ ਮਾਮਲੇ ਉਨਟਾਰੀਓ, ਬੀ.ਸੀ. ਅਤੇ ਐਲਬਰਟਾ ਵਿਚ ਸਾਹਮਣੇ ਆਏ ਅਤੇ ਵੱਖ ਵੱਖ ਪੁਲਿਸ ਮਹਿਕਮਿਆਂ ਵੱਲੋਂ ਦਰਜਨਾਂ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ। ਐਡਮਿੰਟਨ ਪੁਲਿਸ ਦੀ ਔਰਗੇਨਾਈਜ਼ਡ ਕ੍ਰਾਈਮ ਬ੍ਰਾਂਚ ਦੇ ਇੰਸਪੈਕਟਰ ਡੁਏਨ ਹੰਟਰ ਨੇ ਦੱਸਿਆ ਕਿ ਜਬਰੀ ਵਸੂਲੀ ਦੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਬੇਹੱਦ ਗੁੰਝਲਦਾਰ ਰਹੀ ਪਰ ਇਸ ਗੱਲ ਦੀ ਤਸੱਲੀ ਹੈ ਕਿ ਜਾਂਚਕਰਤਾ ਸਹੀ ਰਾਹ 'ਤੇ ਅੱਗੇ ਵਧੇ ਅਤੇ ਹੁਣ ਮਨਿੰਦਰ ਧਾਲੀਵਾਲ ਦੀ ਹਵਾਲਗੀ ਦੇ ਯਤਨ ਕੀਤੇ ਜਾ ਰਹੇ ਹਨ। ਦੂਜੇ ਪਾਸੇ ਮਾਹਰਾਂ ਦਾ ਕਹਿਣਾ ਹੈ ਕਿ ਕੈਨੇਡਾ ਅਤੇ ਸੰਯੁਕਤ ਅਰਬ ਅਮੀਰਾਤ ਦਰਮਿਆਨ ਹਵਾਲਗੀ ਸੰਧੀ ਨਾ ਹੋਣ ਕਾਰਨ ਮਨਿੰਦਰ ਧਾਲੀਵਾਲ ਨੂੰ ਲਿਆਉਣਾ ਸੌਖਾ ਨਹੀਂ ਹੋਵੇਗਾ। ਸੀ.ਬੀ.ਸੀ. ਦੀ ਰਿਪੋਰਟ ਵਿਚ ਅਦਾਲਤੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ਦੋ ਸਾਲ ਪਹਿਲਾਂ ਐਡਮਿੰਟਨ ਦੇ ਉੱਤਰ-ਪੂਰਬੀ ਇਲਾਕੇ ਵਿਚ ਉਸਾਰੀ ਅਧੀਨ ਦੋ ਮਕਾਨਾਂ ਨੂੰ ਅੱਗ ਲਾਈ ਗਈ ਅਤੇ ਅੱਗ ਲਾਉਣ ਵਾਲਿਆਂ ਦੀਆਂ ਤਸਵੀਰਾਂ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈਆਂ। ਜਬਰੀ ਵਸੂਲੀ ਦੀ ਧਮਕੀ ਆਉਣ ਮਗਰੋਂ ਘਰਾਂ ਦੇ ਮਾਲਕ ਵੱਲੋਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਸੀ ਅਤੇ ਸ਼ੱਕੀ ਕਈ ਵਾਰ ਉਸਾਰੀ ਅਧੀਨ ਘਰਾਂ ਦੇ ਆਲੇ ਦੁਆਲੇ ਘੁੰਮਦੇ ਨਜ਼ਰ ਆਏ।

# ਸਾਬਕਾ ਲਿਬਰਲ ਸਾਂਸਦ ਬੀਬੀ ਰੂਬੀ ਢੱਲਾ ਨੇ ਵੀ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਜਤਾਈ



ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਦੀ ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਰੂਬੀ ਢੱਲਾ ਨੇ ਐਲਾਨ ਕੀਤਾ ਕਿ ਉਹ ਲਿਬਰਲ ਪਾਰਟੀ ਦੇ ਆਗੂ ਦੀ ਚੋਣ ਵਿੱਚ ਹਿੱਸਾ ਲੈਣਗੇ। ਵਰਨਣਯੋਗ ਹੈ ਕਿ ਜੋ ਇਸ ਚੋਣ ਨੂੰ ਜਿੱਤ ਗਿਆ ਉਹ ਲਿਬਰਲ ਪਾਰਟੀ ਵੱਲੋਂ ਕੈਨੇਡਾ ਦਾ ਪ੍ਰਧਾਨ ਮੰਤਰੀ ਬਣੇਗਾ। ਇਸ ਸਮੇਂ ਕੈਨੇਡਾ ਦੀ ਲਿਬਰਲ ਪਾਰਟੀ ਲੀਡਰਸ਼ਿਪ ਵਿੱਚ ਵੱਡੇ ਪੱਧਰ ਤੇ ਸਰਗਰਮੀਆਂ ਜਾਰੀ ਹਨ।

# ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਵੱਲੋਂ ਪਾਰਲੀਮੈਂਟ ਚੋਣ ਲੜਨ ਤੋਂ ਨਾਂਹ



ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸਾਊਥ ਹਲਕੇ ਤੋਂ ਲਿਬਰਲ ਮੈਂਬਰ ਪਾਰਲੀਮੈਂਟ ਅਤੇ ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਨੇ ਮੁੜ ਪਾਰਲੀਮੈਂਟ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ। ਵਰਨਣਯੋਗ ਹੈ ਕਿ ਹਰਜੀਤ ਸਿੰਘ ਸੱਜਣ 2015 ਵਿੱਚ ਉਹ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ। ਜਸਟਿਨ ਟਰੂਡੋ ਵਜ਼ਾਰਤ 'ਚ ਉਹ ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਵੀ ਰਹਿ ਚੁੱਕੇ ਹਨ।

# ਪੇਜ ਇੱਕ ਦੀ ਬਾਕੀ

## ਤੁਰਕੀ: ਸਕੀ ਰਿਜ਼ੌਰਟ...

ਗਵਰਨਰ ਅਬਦੁਲ ਅਜ਼ੀਜ਼ ਆਇਦੀਨ ਨੇ ਸਰਕਾਰੀ ਏਜੰਸੀ ਨੂੰ ਦੱਸਿਆ ਕਿ ਦੋ ਵਿਅਕਤੀਆਂ ਨੇ ਘਬਰਾ ਕੇ ਇਮਾਰਤ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਨਿੱਜੀ ਐੱਨਟੀਵੀ ਟੈਲੀਵਿਜ਼ਨ ਨੇ ਦੱਸਿਆ ਕਿ ਕੁਝ ਲੋਕਾਂ ਨੇ ਚਾਦਰਾਂ ਤੇ ਕੰਬਲਾਂ ਰਾਹੀਂ ਹੇਠਾਂ ਉਤਰਨ ਦੀ ਕੋਸ਼ਿਸ਼ ਕੀਤੀ। ਹੋਟਲ ਵਿੱਚ 234 ਮਹਿਮਾਨ ਠਹਿਰੇ ਸਨ। ਮੌਕੇ 'ਤੇ ਮੌਜੂਦ ਲੋਕਾਂ ਤੇ ਖ਼ਬਰਾਂ ਮੁਤਾਬਕ ਹੋਟਲ ਵਿੱਚ ਸਥਾਪਤ ਅੱਗ ਲੱਗਣ ਦੀ ਸੂਚਨਾ ਦੇਣ ਵਾਲਾ ਸਿਸਟਮ ਨਹੀਂ ਚੱਲਿਆ। ਵੱਖਰੀ ਜਾਣਕਾਰੀ ਮੁਤਾਬਕ ਤੁਰਕੀ ਦੇ ਇੱਕ ਹੋਰ ਸਕੀ ਰਿਜ਼ੌਰਟ ਦੇ ਇੱਕ ਹੋਟਲ ਵਿੱਚ ਗੈਸ ਧਮਾਕੇ ਕਾਰਨ ਚਾਰ ਜਣੇ ਜ਼ਖਮੀ ਹੋ ਗਏ।

### ਘਟਨਾ ਦੀ ਜਾਂਚ ਲਈ ਛੇ ਮੈਂਬਰੀ ਟੀਮ ਨਿਯੁਕਤ

ਸਰਕਾਰ ਨੇ ਅੱਗ ਲੱਗਣ ਦੀ ਘਟਨਾ ਦੀ ਜਾਂਚ ਲਈ ਛੇ ਮੈਂਬਰੀ ਟੀਮ ਨਿਯੁਕਤ ਕੀਤੀ ਹੈ। ਐੱਨਟੀਵੀ ਟੈਲੀਵਿਜ਼ਨ ਮੁਤਾਬਕ ਹੋਟਲ ਦੇ ਬਾਹਰਵਾਰ ਹੋਏ ਲੱਕੜ ਦੇ ਕੰਮ ਕਾਰਨ ਅੱਗ ਜ਼ਿਆਦਾ ਫੈਲ ਗਈ ਜਾਪਦੀ ਹੈ। ਕੁੱਲ 161 ਕਮਰਿਆਂ ਵਾਲਾ ਇਹ ਹੋਟਲ ਇੱਕ ਚੱਟਾਨ ਦੇ ਕਿਨਾਰੇ 'ਤੇ ਬਣਿਆ ਹੈ, ਜਿਸ ਕਾਰਨ ਅੱਗ ਬੁਝਾਉਣ 'ਚ ਕਾਫ਼ੀ ਦਿੱਕਤ ਆਈ। ਰਾਜਪਾਲ ਆਇਦੀਨ ਦੇ ਦਫ਼ਤਰ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਮੌਕੇ 'ਤੇ 30 ਅੱਗ ਬੁਝਾਉਣ ਵਾਲੀਆਂ ਗੱਡੀਆਂ ਤੇ 28 ਐਂਬੂਲੈਂਸਾਂ ਭੇਜੀਆਂ ਗਈਆਂ ਸਨ।

## ਕੈਨੇਡਾ ਨਹੀਂ ਝੁਕੇਗਾ...

ਮੈਕਸੀਕੋ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਹੈ।

ਕੈਨੇਡਾ ਦੀ ਪ੍ਰਤੀਕਿਰਿਆ: ਕੈਨੇਡੀਆਈ ਨਾਗਰਿਕਾਂ ਅਤੇ ਕਾਰੋਬਾਰਾਂ ਲਈ ਮੁਆਵਜ਼ਾ ਅਤੇ ਸਹਾਇਤਾ। ਅਮਰੀਕੀ-ਟੈਕਸਟਾਈਲ ਉਤਪਾਦਾਂ 'ਤੇ ਜਵਾਬੀ ਟੈਰਿਫ ਦੀ ਤਿਆਰੀ। ਟਰੂਡੋ ਨੇ ਕਿਹਾ, "ਅਸੀਂ ਸੰਤੁਲਨ ਤੋਂ ਬਾਹਰ ਨਹੀਂ ਆਵਾਂਗੇ, ਸਾਨੂੰ ਆਪਣੇ ਵਪਾਰਕ ਹਿੱਤਾਂ ਦੀ ਪੂਰੀ ਰੱਖਿਆ ਕਰਨੀ ਆਉਂਦੀ ਹੈ।"

ਅਰਥਵਿਵਸਥਾ 'ਤੇ ਪ੍ਰਭਾਵ:

25% ਟੈਰਿਫ ਨਾਲ ਕੈਨੇਡਾ ਦਾ ਘਧਫ 6% ਤੱਕ ਘਟ ਸਕਦਾ ਹੈ (ਬੈਂਕ ਆਫ ਕੈਨੇਡਾ ਦੇ ਅੰਦਾਜ਼ੇ ਮੁਤਾਬਕ)।

ਖਪਤਕਾਰਾਂ ਲਈ ਕੀਮਤਾਂ ਵਧਣ ਦਾ ਖਤਰਾ।

ਉੱਤਰੀ ਅਮਰੀਕੀ ਵਪਾਰਕ ਸੰਬੰਧਾਂ 'ਚ ਤਣਾਅ ਅਤੇ ਆਰਥਿਕ ਅਸਥਿਰਤਾ।

ਮੈਕਸੀਕਨ ਰਾਸ਼ਟਰਪਤੀ ਦਾ ਸਮਰਥਨ:

ਕਲਾਉਡੀਆ ਸ਼ੇਨਬੌਮ ਨੇ ਟਰੂਡੋ ਨਾਲ ਏਕਜੁੱਟਤਾ ਜਤਾਈ।

"ਬਿਆਨਬਾਜ਼ੀ ਦੀ ਬਜਾਏ ਆਮਲ ਤੇ ਧਿਆਨ ਦੇਣ" ਦੀ ਸਲਾਹ।

ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਦੀ ਚਿੰਤਾ: ਅਮਰੀਕਾ ਨੂੰ ਊਰਜਾ ਨਿਰਯਾਤ 'ਤੇ ਟੈਕਸ ਲਗਾਉਣ ਦੀ ਧਮਕੀ ਗਲਤ ਹੋਵੇਗੀ। ਇਸ ਨਾਲ ਦੋਵਾਂ ਦੇਸ਼ਾਂ ਦੇ ਵਪਾਰਕ ਹਿੱਤ ਨੁਕਸਾਨ 'ਚ ਪੈ ਸਕਦੇ ਹਨ। ਕੈਨੇਡੀਅਨ ਸਰਕਾਰ ਹੁਣ ਟਰੰਪ ਦੀ ਨੀਤੀ ਦੇ ਭਵਿੱਖੀ ਪ੍ਰਭਾਵਾਂ ਨੂੰ ਵੇਖ ਰਹੀ ਹੈ ਅਤੇ ਜਵਾਬੀ ਰਣਨੀਤੀਆਂ 'ਤੇ ਕੰਮ ਕਰ ਰਹੀ ਹੈ।

ਦਰਅਸਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਟਰੰਪ ਆਪਣੇ ਵਪਾਰਕ ਭਾਈਵਾਲਾਂ ਵਿਚਾਲੇ ਅਨਿਸ਼ਚਿਤਤਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਅਜਿਹਾ ਇਸ ਲਈ ਕਰ ਰਹੇ ਹਨ ਤਾਂ ਕਿ ਦੂਜੇ ਦੇਸ਼ ਆਪਣੀ ਸੌਦੇਬਾਜ਼ੀ ਵਾਲੀ ਸਥਿਤੀ ਨੂੰ ਕਮਜ਼ੋਰ ਕਰ ਸਕਣ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਸੋਮਵਾਰ ਨੂੰ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਦੀ ਸਰਕਾਰ 1 ਫਰਵਰੀ ਤੋਂ ਮੈਕਸੀਕੋ ਅਤੇ ਕੈਨੇਡਾ 'ਤੇ 25 ਫੀਸਦੀ ਤੱਕ ਟੈਰਿਫ ਲਗਾ ਸਕਦੀ ਹੈ।

## ਲਾਸ ਏਂਜਲਸ 'ਚ ਇਕ...

ਜਿਸ ਨੇ ਕੁਝ ਘੰਟਿਆਂ ਵਿੱਚ 8,096 ਏਕੜ (32.76 ਵਰਗ ਕਿਲੋਮੀਟਰ) ਤੋਂ ਵੱਧ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਲਾਕੇ ਵਿੱਚ ਤੇਜ਼ ਹਵਾਵਾਂ ਕਾਰਨ ਅੱਗ ਦੀਆਂ ਲਪਟਾਂ ਖ਼ਤਰਨਾਕ ਰੂਪ ਧਾਰਨ ਕਰ ਰਹੀਆਂ ਸਨ, ਜਿਸ ਕਾਰਨ ਇਸ ਦੇ ਹੋਰ ਫੈਲਣ ਦਾ ਡਰ ਹੈ।

### ਫੈਲਿਆ ਧੂੰਏਂ ਦਾ ਵੱਡਾ ਗੁਬਾਰ

ਲਾਸ ਏਂਜਲਸ ਵਿੱਚ ਲੱਗੀ ਇਹ ਅੱਗ ਕਾਸਟੈਕ ਝੀਲ ਨੇੜੇ ਜੰਗਲੀ ਖੇਤਰ ਵਿੱਚ ਲੱਗੀ ਹੈ। ਇਹ ਇਲਾਕਾ ਉੱਤਰ-ਪੱਛਮ ਲਾਸ ਏਂਜਲਸ ਵਿੱਚ ਸਥਿਤ ਹੈ। ਅੱਗ ਨੇ 8 ਹਜ਼ਾਰ ਏਕੜ ਯਾਨੀ 3,200 ਹੈਕਟੇਅਰ ਦੇ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਝੀਲ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਲਈ ਅਲਰਟ ਜਾਰੀ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਲਾਸ ਏਂਜਲਸ ਇਲਾਕੇ ਵਿੱਚ ਤੇਜ਼ ਅਤੇ ਖੁਸ਼ਕ ਸਾਂਤਾ ਆਨਾ ਹਵਾਵਾਂ ਚੱਲ ਰਹੀਆਂ ਹਨ, ਜਿਸ ਕਾਰਨ ਅੱਗ ਲੱਗੀ ਹੈ। ਇਸ ਕਾਰਨ ਧੂੰਏਂ ਦਾ ਇੱਕ ਵੱਡਾ ਬੱਦਲ ਉੱਠ ਰਿਹਾ ਹੈ। ਡਰ ਹੈ ਕਿ ਇਹ ਅੱਗ ਹੋਰ ਵੀ ਵੱਡੇ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ।

### ਇਲਾਕਾ ਤੁਰੰਤ ਖਾਲੀ ਕਰਨ ਦੀ ਅਪੀਲ

ਲਾਸ ਏਂਜਲਸ ਕਾਉਂਟੀ ਸ਼ੈਰਿਫ ਰੌਬਰਟ ਜੇਨਸਨ ਨੇ ਸਾਰਿਆਂ ਨੂੰ ਤੁਰੰਤ ਇਲਾਕਾ ਖਾਲੀ ਕਰਨ ਦੀ ਅਪੀਲ ਕੀਤੀ ਹੈ। ਅੱਗ ਭੜਕਣ ਦੇ ਖਦਸ਼ੇ ਕਾਰਨ ਝੀਲ ਦੇ ਆਲੇ-ਦੁਆਲੇ ਦੇ 31 ਹਜ਼ਾਰ ਲੋਕਾਂ ਨੂੰ ਕੱਢਣ ਦੇ ਆਦੇਸ਼ ਦਿੱਤੇ ਗਏ ਹਨ। ਦੱਖਣੀ ਕੈਲੀਫੋਰਨੀਆ ਵਿੱਚ ਨਵੀਨਤਮ ਜੰਗਲੀ ਅੱਗ ਤੇਜ਼ੀ ਨਾਲ ਫੈਲ ਗਈ, ਲਗਭਗ 19,000 ਨਿਵਾਸੀਆਂ ਨੂੰ ਲਾਜ਼ਮੀ ਨਿਕਾਸੀ ਦੇ ਆਦੇਸ਼ਾਂ ਅਧੀਨ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਲਾਸ ਏਂਜਲਸ ਵਿੱਚ ਲੱਗੀ ਭਿਆਨਕ ਅੱਗ ਕਾਰਨ ਹਜ਼ਾਰਾਂ ਘਰ ਤਬਾਹ ਹੋ ਚੁੱਕੇ ਹਨ। ਇੰਨਾ ਹੀ ਨਹੀਂ 2 ਲੱਖ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਜਦੋਂ ਕਿ 27 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੌਰਾਨ ਕੋਸਟਿਕ ਦੀ ਇੱਕ ਜੇਲ੍ਹ ਨੂੰ ਖਾਲੀ ਕਰਵਾਉਣ ਦਾ ਹੁਕਮ ਦੇ ਦਿੱਤਾ ਗਿਆ ਹੈ ਅਤੇ ਲਗਭਗ 500 ਕੈਦੀਆਂ ਨੂੰ ਗੁਆਂਢੀ ਜੇਲ੍ਹ ਵਿੱਚ ਭੇਜਿਆ ਜਾ ਰਿਹਾ ਹੈ। ਰਾਸ਼ਟਰੀ ਮੌਸਮ ਸੇਵਾ ਲਾਸ ਏਂਜਲਸ ਨੇ ਬੁੱਧਵਾਰ ਦੁਪਹਿਰ ਨੂੰ ਚਿਤਾਵਨੀ ਦਿੱਤੀ ਕਿ ਦੱਖਣੀ ਕੈਲੀਫੋਰਨੀਆ ਵਿੱਚ ਦੁਪਹਿਰ ਭਰ ਅਤੇ ਰਾਤ ਭਰ ਤੇਜ਼ ਹਵਾਵਾਂ ਜਾਰੀ ਰਹਿਣ ਦੀ ਉਮੀਦ ਹੈ, ਜਿਸ ਨਾਲ ਖੇਤਰ ਵਿੱਚ ਲੱਗੀ ਜੰਗਲੀ ਅੱਗ ਦੇ ਵਿਰੁੱਧ ਅੱਗ ਬੁਝਾਉਣ ਦੇ ਯਤਨਾਂ ਵਿੱਚ ਹੋਰ ਰੁਕਾਵਟ ਆਵੇਗੀ। ਮੌਸਮ ਵਿਗਿਆਨੀ ਏਰੀਅਲ ਕੋਹੇਨ ਨੇ ਕਿਹਾ, "ਹਵਾਵਾਂ ਇੰਨੀਆਂ ਉੱਚੀਆਂ ਹੋਣਗੀਆਂ ਕਿ ਵਿਸਫੋਟਕ ਅੱਗ ਵਿਵਹਾਰ ਦਾ ਕਾਰਨ ਬਣ ਸਕਦੀਆਂ ਹਨ। ਇਹ ਇੱਕ ਬਹੁਤ ਹੀ ਅਸਥਿਰ ਸਥਿਤੀ ਹੈ ਅਤੇ ਸਾਰਿਆਂ ਨੂੰ ਤਿਆਰ ਰਹਿਣ ਦੀ ਲੋੜ ਹੈ।"

### 2028 ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ

ਤੁਹਾਨੂੰ ਦੱਸ ਦੇਈਏ ਕਿ ਸਾਲ 2028 ਵਿੱਚ ਮੈਗਾ ਸਪੋਰਟਸ ਈਵੈਂਟ ਯਾਨੀ ਓਲੰਪਿਕ ਅਮਰੀਕੀ ਸ਼ਹਿਰ ਲਾਸ ਏਂਜਲਸ ਵਿੱਚ ਆਯੋਜਿਤ ਕੀਤਾ ਜਾਣਾ ਹੈ। ਇਹ ਪ੍ਰੋਗਰਾਮ 14 ਜੁਲਾਈ ਤੋਂ 30 ਜੁਲਾਈ 2028 ਤੱਕ ਚੱਲੇਗਾ। ਲਾਸ ਏਂਜਲਸ ਨੂੰ ਅਮਰੀਕੀ ਸਿਨੇਮਾ ਦਾ ਕੇਂਦਰ ਕਿਹਾ ਜਾਂਦਾ ਹੈ। ਅਜਿਹੇ ਵਿੱਚ ਇਸ ਸਮਾਗਮ ਨੂੰ ਕਈ ਤਰੀਕਿਆਂ ਨਾਲ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

## ਅਮਰੀਕਾ 'ਚ ਬਰਫ਼ੀਲੇ...

'ਚ ਟੈਕਸਾਸ ਤੋਂ ਲੈ ਕੇ ਫਲੋਰੀਡਾ ਤੱਕ ਜਨਜੀਵਨ ਠੱਪ ਹੋ ਗਿਆ ਹੈ। ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਬਰਫ਼ਬਾਰੀ ਰੁਕਣ ਤੋਂ ਬਾਅਦ ਵੀ ਸੜਕਾਂ ਖੁੱਲ੍ਹਣ ਤੇ ਹਵਾਈ ਸੇਵਾਵਾਂ ਮੁੜ ਸ਼ੁਰੂ ਹੋਣ 'ਚ ਕਈ ਦਿਨ ਲੱਗਣਗੇ।

## ਟੋਰਾਂਟੋ ਪੁਲਿਸ ਨੇ...

ਮੈਕਇਨਟਾਇਰ ਨੇ ਦੱਸਿਆ ਕਿ 'ਪ੍ਰੋਜੈਕਟ ਕੈਸਟਿਲੋ' 475 ਕਿਲੋ ਕੋਕੀਨ ਮੈਕਸੀਕੋ ਤੋਂ ਅਮਰੀਕਾ ਦੇ ਰਸਤੇ ਕੈਨੇਡਾ ਪੁੱਜੇ ਟਰੱਕ ਵਿਚੋਂ ਬਰਾਮਦ ਕੀਤੀ ਗਈ। ਇਸ ਮੁਹਿੰਮ ਵਿਚ ਯਾਰਕ ਰੀਜਨਲ ਪੁਲਿਸ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਤੇ ਵਿੰਡਸਰ ਪੁਲਿਸ ਵੱਲੋਂ ਸਹਿਯੋਗ ਦਿਤਾ ਗਿਆ। ਟਰੱਕ ਨਾਲ ਗ੍ਰਿਫ਼ਤਾਰ ਸ਼ੱਕੀਆਂ ਤੋਂ ਇਲਾਵਾ ਤਿੰਨ ਸ਼ੱਕੀਆਂ ਦੀ ਭਾਲ ਵੀ ਕੀਤੀ ਜਾ ਰਹੀ ਹੈ ਜਿਨ੍ਹਾਂ ਵਿਚ ਨਿਆਗਰਾ ਫ਼ਾਲਜ਼ ਦਾ ਰੌਬਰਟ ਨੌਲਿਨ ਸ਼ਾਮਲ ਹੈ। ਤਸਕਰੀ ਦਾ ਇਹ ਮਾਮਲਾ ਮੈਕਸੀਕੋ ਦੇ ਜੈਲਿਸਕੋ ਨਿਊ ਜੈਨਰੇਸ਼ਨ ਕਾਰਟੈਲ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ।

### ਸ਼ਹਿਰ ਦੇ ਇਤਿਹਾਸ ਵਿਚ ਨਸ਼ਿਆਂ ਦੀ ਸਭ ਤੋਂ ਵੱਡੀ ਬਰਾਮਦਗੀ

ਟੋਰਾਂਟੋ ਪੁਲਿਸ ਨੂੰ ਟਰੱਕ ਦੇ ਕੈਨੇਡਾ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਸੂਹ ਮਿਲ ਗਈ ਸੀ ਕਿ ਗਰੇਟਰ ਟੋਰਾਂਟੋ ਏਰੀਆ ਵਿਚ ਕੋਕੀਨ ਵੇਚੀ ਜਾਣੀ ਹੈ ਅਤੇ ਇਹ ਖੇਪ ਕਿਸੇ ਟ੍ਰਾਂਸਪੋਰਟ ਕੰਪਨੀ ਰਾਹੀਂ ਭੇਜੀ ਜਾ ਰਹੀ ਹੈ। ਪੜਤਾਲ ਆਰੰਭੀ ਗਈ ਤਾਂ ਮੈਕਸੀਕੋ ਤੋਂ ਰਵਾਨਾ ਹੋਏ 18 ਟਾਇਰਾਂ ਵਾਲੇ ਟਰੱਕ ਬਾਰੇ ਪਤਾ ਲੱਗਾ ਜੋ ਅਮਰੀਕਾ ਵਿਚੋਂ ਲੰਘਿਆ ਪਰ ਕਿਸੇ ਨੂੰ ਕੋਈ ਸ਼ੱਕ ਨਾ ਹੋਇਆ ਅਤੇ ਕੈਨੇਡਾ ਵਿਚ ਦਾਖਲ ਹੋ ਗਿਆ। ਇਸੇ ਦੌਰਾਨ ਟੋਰਾਂਟੋ ਪੁਲਿਸ ਵੱਲੋਂ ਤਲਾਸ਼ੀ ਵਾਰੰਟਾਂ ਦੇ ਆਧਾਰ 'ਤੇ ਕਈ ਟਿਕਾਣਿਆਂ 'ਤੇ ਛਾਪੇ ਮਾਰਨ ਦਾ ਸਿਲਸਿਲਾ ਜਾਰੀ ਰੱਖਿਆ ਗਿਆ।

## ਅਮਰੀਕਾ 'ਚ 'ਟਰੰਪ ਯੁੱਗ'...

- ਅਮਰੀਕਾ ਦੀ ਦੱਖਣੀ ਸਰਹੱਦ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ 'ਚ ਦਾਖਲ ਹੋਣ ਵਾਲੇ ਲੋਕਾਂ ਤੋਂ ਅਮਰੀਕੀ ਲੋਕਾਂ ਦੀ ਸੁਰੱਖਿਆ ਕੀਤੀ ਜਾਵੇਗੀ।
- ਮੈਕਸੀਕੋ ਅਤੇ ਕੈਨੇਡਾ 'ਤੇ 25 ਫੀਸਦੀ ਟੈਰਿਫ ਲਗਾਇਆ ਜਾਵੇਗਾ। ਇਹ 1 ਫਰਵਰੀ ਤੋਂ ਲਾਗੂ ਹੋ ਸਕਦਾ ਹੈ।
- ਅਮਰੀਕਾ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋ ਜਾਵੇਗਾ
- ਫੈਡਰਲ ਸਰਕਾਰ ਵਿਚ ਨਿਯੁਕਤੀਆਂ ਯੋਗਤਾ ਦੇ ਆਧਾਰ 'ਤੇ ਹੋਣਗੀਆਂ।
- ਸਰਕਾਰੀ ਸੈਂਸਰਸ਼ਿਪ ਖਤਮ ਕੀਤੀ ਜਾਵੇਗੀ ਅਤੇ ਅਮਰੀਕਾ ਵਿਚ ਬੋਲਣ ਦੀ ਆਜ਼ਾਦੀ ਨੂੰ ਬਹਾਲ ਕੀਤਾ ਜਾਵੇਗਾ।
- ਅਮਰੀਕਾ ਵਿਚ ਤੀਜੇ ਲਿੰਗ ਨੂੰ ਗੈਰ-ਕਾਨੂੰਨੀ ਐਲਾਨ ਕੀਤਾ ਗਿਆ।
- ਅਮਰੀਕਾ-ਮੈਕਸੀਕੋ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਗਿਆ।
- ਰਾਸ਼ਟਰੀ ਊਰਜਾ ਐਮਰਜੈਂਸੀ ਦੀ ਐਲਾਨ ਕੀਤਾ।
- ਇਲੈਕਟ੍ਰਿਕ ਵਾਹਨ (ਈ.ਵੀ.) ਦੀ ਲਾਜ਼ਮੀ ਵਰਤੋਂ ਨੂੰ ਖਤਮ ਕਰ ਦਿੱਤਾ ਗਿਆ ਹੈ।
- ਅਮਰੀਕਾ ਵਿਚ ਜਨਮ ਦੁਆਰਾ ਨਾਗਰਿਕਤਾ ਖਤਮ ਹੋ ਗਈ।

## ਅਮਰੀਕਾ 'ਚ ਜਨਮ ਦੇ...

ਪਲੈਟਕਿਨ ਨੇ ਕਿਹਾ ਕਿ ਰਾਸ਼ਟਰਪਤੀ ਕੋਲ ਵਿਆਪਕ ਸ਼ਕਤੀ ਹੈ, ਪਰ ਉਹ ਰਾਜਾ ਨਹੀਂ ਹੈ। ਟਰੰਪ ਦੇ ਹੁਕਮ ਨਾਲ ਅਮਰੀਕਾ 'ਚ ਪੈਦਾ ਹੋਏ ਲੋਕਾਂ ਨੂੰ ਆਪਣੇ ਆਪ ਨਾਗਰਿਕਤਾ ਦੇਣ ਦੀ ਨੀਤੀ ਖਤਮ ਹੋ ਜਾਵੇਗੀ। ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਿਹਾ ਸੀ ਕਿ ਉਹ ਰਾਸ਼ਟਰਪਤੀ ਬਣਨ ਤੋਂ ਬਾਅਦ ਅਜਿਹਾ ਕਰਨਗੇ। ਪਲੈਟਕਿਨ ਅਤੇ ਪ੍ਰਵਾਸੀ ਅਧਿਕਾਰਾਂ ਦੇ ਵਕੀਲਾਂ ਨੇ ਸੰਵਿਧਾਨ ਦੀ 14ਵੀਂ ਸੋਧ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਜ ਵਿੱਚ ਪੈਦਾ ਹੋਏ ਅਤੇ ਇਸ ਦੇ ਅਧਿਕਾਰ ਖੇਤਰ ਵਿੱਚ ਰਹਿ ਰਹੇ ਲੋਕ ਦੇਸ਼ ਦੇ ਨਾਗਰਿਕ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਇਹ ਕਾਨੂੰਨ ਗਲਤ ਹੈ ਅਤੇ ਇਸ ਨਾਲ ਅਮਰੀਕਾ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਇਸ ਕਾਰਨ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਲੋਕਾਂ ਦੇ ਬੱਚਿਆਂ ਨੂੰ ਵੀ ਅਮਰੀਕੀ ਨਾਗਰਿਕ ਬਣਨ ਦਾ ਮੌਕਾ ਮਿਲ ਰਿਹਾ ਹੈ ਅਤੇ ਉਹ ਇੱਥੋਂ ਦੇ ਸਾਧਨਾਂ ਦਾ ਫਾਇਦਾ ਉਠਾ ਰਹੇ ਹਨ।

ਡੋਨਾਲਡ ਟਰੰਪ ਨੂੰ ਇਸ 'ਤੇ ਇਤਰਾਜ਼ ਹੈ। ਇੱਕ ਇੰਟਰਵਿਊ ਵਿੱਚ ਡੋਨਾਲਡ ਟਰੰਪ ਨੇ ਕਿਹਾ ਸੀ, "ਅਸੀਂ ਇਸ ਕਾਨੂੰਨ ਨੂੰ ਬਦਲਣ ਜਾ ਰਹੇ ਹਾਂ। ਸਾਨੂੰ ਲੋਕਾਂ ਵਿੱਚ ਜਾਣਾ ਪਵੇਗਾ। ਪਰ ਅਸੀਂ ਕਾਨੂੰਨ ਬਦਲਾਂਗੇ।"

ਇਸ ਦੇ ਨਾਲ ਹੀ ਡੋਨਾਲਡ ਟਰੰਪ ਦੇ ਇਸ ਕਾਰਜਕਾਰੀ ਆਦੇਸ਼ ਦਾ ਨਾਗਰਿਕਤਾ ਸੰਬੰਧੀ ਫੈਸਲੇ ਦਾ ਸਭ ਤੋਂ ਵੱਧ ਅਸਰ ਪ੍ਰਵਾਸੀ ਭਾਰਤੀਆਂ 'ਤੇ ਪਵੇਗਾ। ਰਿਪੋਰਟ ਮੁਤਾਬਿਕ ਅਮਰੀਕਾ 'ਚ ਭਾਰਤੀ ਮੂਲ ਦੇ 48 ਲੱਖ ਲੋਕ ਵਸੇ ਹੋਏ ਹਨ, ਜਿਨ੍ਹਾਂ 'ਚੋਂ 16 ਲੱਖ ਨੂੰ ਜਨਮ ਦੇ ਆਧਾਰ 'ਤੇ ਨਾਗਰਿਕਤਾ ਮਿਲੀ ਹੈ।

## ਟਰੰਪ ਦੇ ਲਪੇਟੇ 'ਚ...

ਕੁੱਲ 1100 ਤੋਂ ਵੱਧ ਲੋਕਾਂ ਨੂੰ ਲਿਆਂਦਾ ਗਿਆ ਹੈ। ਇੱਕ ਅੰਦਾਜ਼ੇ ਮੁਤਾਬਕ ਅਮਰੀਕਾ ਵਿੱਚ 2.20 ਲੱਖ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਰਹਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਕਾਰਵਾਈ ਨੂੰ ਆਪਣੀ ਮੁੱਖ ਤਰਜੀਹ 'ਚ ਰੱਖਿਆ ਹੈ। ਟਰੰਪ ਸਰਕਾਰ ਨਾਲ ਸਹਿਯੋਗ ਦੇ ਬਦਲੇ ਵਿੱਚ, ਭਾਰਤ ਉਮੀਦ ਕਰਦਾ ਹੈ ਕਿ ਉਹ ਵਿਦਿਆਰਥੀ ਵੀਜ਼ਾ ਅਤੇ H-1B ਵਰਗੇ ਜਾਇਜ਼ ਇਮੀਗ੍ਰੇਸ਼ਨ ਚੈਨਲਾਂ ਨੂੰ ਸੁਰੱਖਿਅਤ ਰੱਖੇਗਾ। 2023 ਵਿੱਚ ਭਾਰਤੀਆਂ ਨੂੰ ਜਾਰੀ ਕੀਤੇ ਗਏ 3.86 ਲੱਖ ਵੀਜ਼ਿਆਂ ਵਿੱਚੋਂ 74% ਐਚ-1ਬੀ ਵੀਜ਼ਾ ਸਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Include
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.
MICHELIN BFGoodrich DUNLOP GOODYEAR HANKOOK Xceed AEOLUS

# ਊਸ਼ਾ ਵੈਂਸ ਅਮਰੀਕਾ ਦੀ ਦੂਜੀ ਮਹਿਲਾ ਵਜੋਂ ਸੇਵਾ ਨਿਭਾਉਣ ਵਾਲੀ ਪਹਿਲੀ ਭਾਰਤੀ-ਅਮਰੀਕੀ ਬਣੀ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦੇ ਸਹੁੰ ਚੁੱਕ ਸਮਾਗਮ ਦੌਰਾਨ ਜੇਡੀ ਵੈਂਸ ਦੀ ਪਤਨੀ 39 ਸਾਲਾ ਊਸ਼ਾ ਵੈਂਸ ਦੂਜੀ ਮਹਿਲਾ ਵਜੋਂ ਸੇਵਾ ਨਿਭਾਉਣ ਵਾਲੀ ਪਹਿਲੀ ਭਾਰਤੀ-ਅਮਰੀਕੀ ਅਤੇ ਹਿੰਦੂ ਬਣ ਗਈ। ਊਸ਼ਾ ਵੈਂਸ ਇਸ ਅਹੁਦੇ 'ਤੇ ਕਾਬਜ਼ ਹੋਣ ਵਾਲੀਆਂ ਦੂਜੀਆਂ ਸਭ ਤੋਂ ਛੋਟੀ ਉਮਰ ਦੀਆਂ ਔਰਤਾਂ ਵਿਚੋਂ ਇੱਕ ਹੈ। ਉਹ ਸਾਬਕਾ ਰਾਸ਼ਟਰਪਤੀ ਹੈਰੀ ਟਰੂਮੈਨ ਦੇ ਉਪ ਰਾਸ਼ਟਰਪਤੀ ਐਲਬੇਨ ਬਰਕਲੇ ਦੀ ਪਤਨੀ 38 ਸਾਲਾ ਜੇਨ ਹੈਡਲੀ ਬਰਕਲੇ ਤੋਂ ਬਾਅਦ ਦੂਜੀ ਸਭ ਤੋਂ ਛੋਟੀ ਉਮਰ ਦੀ ਦੂਜੀ ਮਹਿਲਾ ਹੈ। ਰਿਪੋਰਟ ਅਨੁਸਾਰ, ਊਸ਼ਾ ਵੈਂਸ ਦਾ ਦੂਜੀ ਮਹਿਲਾ ਵਜੋਂ ਉਭਾਰ ਉਦੋਂ ਹੋਇਆ ਹੈ, ਜਦੋਂ ਭਾਰਤੀ ਅਮਰੀਕੀ ਹਾਲ ਹੀ ਦੇ ਚੋਣ ਚੱਕਰਾਂ ਦੌਰਾਨ ਰਾਜਨੀਤਿਕ ਤੌਰ 'ਤੇ ਵਧੇਰੇ ਸਰਗਰਮ ਹੋ ਗਏ ਹਨ ਅਤੇ ਰਾਸ਼ਟਰੀ ਮੰਚ 'ਤੇ ਉਮੀਦਵਾਰਾਂ ਵਜੋਂ ਖੜ੍ਹੇ ਹੋਏ ਹਨ, ਜਿਸ ਵਿਚ 2024 ਰਾਸ਼ਟਰਪਤੀ ਅਹੁਦੇ ਲਈ ਦੌੜਨ ਵਾਲੇ ਕਈ ਲੋਕ ਵੀ ਸ਼ਾਮਲ ਹਨ।

ਇੱਕ ਮੀਡੀਆ ਰਿਪੋਰਟ ਦੇ ਅਨੁਸਾਰ, ਊਸ਼ਾ ਚਿਲੁਕੁਰੀ ਆਂਧਰਾ ਪ੍ਰਦੇਸ਼, ਭਾਰਤ ਤੋਂ ਆਏ ਭਾਰਤੀ ਪ੍ਰਵਾਸੀਆਂ ਦੀ ਧੀ ਹੈ, ਜੋ ਸੈਨ ਡਿਆਗੋ, ਕੈਲੀਫੋਰਨੀਆ ਵਿਚ ਵਸ ਗਈ ਸੀ। ਊਸ਼ਾ ਦਾ ਜਨਮ ਕੈਲੀਫੋਰਨੀਆ ਵਿਚ ਹੋਇਆ ਸੀ। ਉਹ ਸੈਨ ਡਿਆਗੋ ਦੇ ਉਪਨਗਰਾਂ 'ਚ ਵੱਡੀ ਹੋਈ। ਉਸਦੇ ਪਿਤਾ ਇੱਕ ਮਕੈਨੀਕਲ ਇੰਜੀਨੀਅਰ ਹਨ ਅਤੇ ਮਾਂ ਇੱਕ ਜੀਵ ਵਿਗਿਆਨੀ ਹੈ। ਊਸ਼ਾ ਚਿਲੁਕੁਰੀ ਨੇ ਮਾਊਂਟ ਕਾਰਮਲ ਹਾਈ ਸਕੂਲ, ਰੈਂਚੋ ਪੇਨਾਸਕਿਟੋਸ ਵਿਚ ਸਥਿਤ ਇੱਕ ਪਬਲਿਕ ਹਾਈ ਸਕੂਲ 'ਚ ਵੀ ਪੜ੍ਹਾਈ ਕੀਤੀ।

ਊਸ਼ਾ ਮੁੰਗੇਰ ਟੋਲਸ ਐਂਡ ਓਲਸਨ ਦੇ ਸਾਨ ਫਰਾਂਸਿਸਕੋ ਅਤੇ ਵਾਸ਼ਿੰਗਟਨ ਡੀ.ਸੀ. ਦਫਤਰਾਂ ਵਿਚ ਇੱਕ ਅਟਾਰਨੀ ਵਜੋਂ ਕੰਮ ਕਰਦੀ ਹੈ। ਉਸਨੇ 2015 ਤੋਂ 2017 ਤੱਕ ਕੰਪਨੀ ਵਿਚ ਕੰਮ ਕੀਤਾ ਅਤੇ ਫਿਰ 2018 ਤੱਕ ਸੁਪਰੀਮ ਕੋਰਟ ਵਿਚ ਕਾਨੂੰਨ ਕਲਰਕ ਵਜੋਂ ਕੰਮ ਕੀਤਾ। ਊਸ਼ਾ ਚਿਲੁਕੁਰੀ ਵੈਂਸ ਅਮਰੀਕਾ ਵਿਚ ਇੱਕ ਨੈਸ਼ਨਲ ਲਾਅ ਫਰਮ ਵਿਚ ਇੱਕ ਵਕੀਲ ਹੈ। ਉਹ ਹਿੰਦੂ ਹੈ ਅਤੇ ਉਸਦਾ ਪਤੀ ਜੇਡੀ ਰੋਮਨ ਕੈਥੋਲਿਕ ਹੈ। ਊਸ਼ਾ ਚਿਲੁਕੁਰੀ ਅਤੇ ਜੇਡੀ ਵੈਨਸ ਦੀ ਪਹਿਲੀ ਮੁਲਾਕਾਤ ਯੇਲ ਲਾਅ ਸਕੂਲ 'ਚ ਪੜ੍ਹਦੇ ਸਮੇਂ 2010 'ਚ ਹੋਈ ਸੀ। ਜੋੜੇ ਨੇ ਯੇਲ ਲਾਅ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਇੱਕ ਸਾਲ ਬਾਅਦ, 2014 'ਚ ਕੈਂਟਕੀ ਵਿਚ ਵਿਆਹ ਕਰਵਾ ਲਿਆ। ਹੁਣ ਊਸ਼ਾ ਅਤੇ ਜੇਡੀ ਵੈਂਸ ਤਿੰਨ ਬੱਚਿਆਂ ਦੇ ਮਾਪੇ ਹਨ ਅਤੇ ਸਿਨਸਿਨਾਟੀ ਵਿਚ ਰਹਿੰਦੇ ਹਨ।

# ਇਜ਼ਰਾਈਲ ਨੇ ਜੰਗਬੰਦੀ ਸਮਝੌਤੇ ਤਹਿਤ 90 ਫ਼ਲਸਤੀਨੀ ਕੈਦੀਆਂ ਨੂੰ ਕੀਤਾ ਰਿਹਾਅ

ਇਜ਼ਰਾਈਲ ਨੇ ਹਮਾਸ ਨਾਲ ਜੰਗਬੰਦੀ ਸਮਝੌਤੇ ਤਹਿਤ ਸੋਮਵਾਰ ਤੜਕੇ 90 ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕਰ ਦਿਤਾ। ਇਸ ਤੋਂ ਕੁਝ ਘੰਟੇ ਪਹਿਲਾਂ ਹੀ ਹਮਾਸ ਨੇ ਤਿੰਨ ਇਜ਼ਰਾਇਲੀ ਬੰਧਕਾਂ ਨੂੰ ਰਿਹਾਅ ਕਰ ਦਿਤਾ ਸੀ ਜੋ ਇਜ਼ਰਾਈਲ ਪਹੁੰਚ ਚੁੱਕੇ ਹਨ। ਜਿਵੇਂ ਹੀ ਵੱਡੀਆਂ ਚਿੱਟੀਆਂ ਬਸਾਂ ਵਿਚ ਕੈਦੀਆਂ ਨੂੰ ਜੇਲ ਤੋਂ ਬਾਹਰ ਲਿਆਂਦਾ ਗਿਆ ਤਾਂ ਲੋਕਾਂ ਨੇ ਜਸ਼ਨ ਮਨਾਏ ਅਤੇ ਪਟਾਕੇ ਚਲਾਏ। ਬਸਾਂ ਦੇ ਆਲੇ-ਦੁਆਲੇ ਫ਼ਲਸਤੀਨੀਆਂ ਦੀ ਭੀੜ ਇਕੱਠੀ ਹੋ ਗਈ ਅਤੇ ਉੱਥੇ ਮੌਜੂਦ ਲੋਕਾਂ ਨੇ ਨਾਹਰੇਬਾਜ਼ੀ ਕੀਤੀ।

ਫ਼ਲਸਤੀਨੀ ਅਥਾਰਟੀ ਦੇ ਕੈਦੀ ਮਾਮਲਿਆਂ ਦੇ ਕਮਿਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੂਚੀ ਅਨੁਸਾਰ, ਰਿਹਾਅ ਕੀਤੇ ਗਏ ਸਾਰੇ ਔਰਤਾਂ ਜਾਂ ਨਾਬਾਲਿਗ਼ ਸਨ। ਇਜ਼ਰਾਈਲ ਨੇ ਇਨ੍ਹਾਂ ਸਾਰੇ ਲੋਕਾਂ ਨੂੰ ਦੇਸ਼ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣ ਦੇ ਜੁਰਮਾਂ ਲਈ ਹਿਰਾਸਤ ਵਿਚ ਲਿਆ ਸੀ। ਇਨ੍ਹਾਂ ਲੋਕਾਂ 'ਤੇ ਪੱਥਰਬਾਜ਼ੀ ਤੋਂ ਲੈ ਕੇ ਹਤਿਆ ਦੀ ਕੋਸ਼ਿਸ਼ ਤਕ ਦੇ ਗੰਭੀਰ ਦੋਸ਼ ਸਨ। ਵੈਸਟ ਬੈਂਕ 'ਤੇ ਇਜ਼ਰਾਈਲ ਦਾ ਕਬਜ਼ਾ ਹੈ ਅਤੇ ਫ਼ੌਜ ਨੇ ਲੋਕਾਂ ਨੂੰ ਕੋਈ ਵੀ ਜਨਤਕ ਜਸ਼ਨ ਨਾ ਮਨਾਉਣ ਲਈ ਕਿਹਾ ਹੈ। ਕੈਦੀਆਂ ਦੀ ਰਿਹਾਈ ਅੱਧੀ ਰਾਤ ਨੂੰ ਹੋਈ, ਜਿਸਦੀ ਫ਼ਲਸਤੀਨੀਆਂ ਨੇ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਕੈਦੀਆਂ ਦੇ ਘਰ ਵਾਪਸੀ 'ਤੇ ਸਵਾਗਤ ਕਰਨ ਤੋਂ ਭੀੜ ਨੂੰ ਰੋਕਣ ਦੀ ਕੋਸ਼ਿਸ਼ ਹੈ। ਰਿਹਾਅ ਕੀਤੇ ਗਏ ਕੈਦੀਆਂ ਵਿਚ ਸਭ ਤੋਂ ਪ੍ਰਮੁੱਖ 62 ਸਾਲਾ ਖ਼ਾਲਿਦਾ ਜਰਾਰ ਹੈ, ਜੋ ਫ਼ਲਸਤੀਨ ਦੀ ਮੁਕਤੀ ਲਈ ਕੰਮ ਕਰਨ ਵਾਲੀ ਸੰਸਥਾ 'ਪੀਐਫ਼ਐਲਪੀ' ਦੀ ਪ੍ਰਮੁੱਖ ਮੈਂਬਰ ਹੈ। ਸੰਗਠਨ 'ਤੇ 70 ਦੇ ਦਹਾਕੇ ਵਿਚ ਇਜ਼ਰਾਈਲੀਆਂ 'ਤੇ ਅਗਵਾ ਅਤੇ ਹੋਰ ਹਮਲਿਆਂ ਵਿਚ ਸ਼ਾਮਲ ਹੋਣ ਦਾ ਦੋਸ਼ ਹੈ, ਪਰ ਹਾਲ ਹੀ ਦੇ ਸਾਲਾਂ ਵਿਚ ਸੰਗਠਨ ਨੇ ਆਪਣੀਆਂ ਹਿੰਸਕ ਗਤੀਵਿਧੀਆਂ ਵਿਚ ਕਮੀ ਕੀਤੀ ਹੈ।

# ਕੈਨੇਡਾ 'ਚ ਜੋਗਿੰਦਰ ਬਾਸੀ ਦੇ ਘਰ 'ਤੇ ਹਮਲਾ, ਪਰਿਵਾਰ ਸੁਰੱਖਿਅਤ



ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਅਤੇ ਕੈਨੇਡਾ ਤੋਂ ਇਕ ਪੰਜਾਬੀ ਰੇਡੀਉ ਸਟੇਸ਼ਨ ਚਲਾਉਣ ਵਾਲੇ ਮਸ਼ਹੂਰ ਪੱਤਰਕਾਰ ਜੋਗਿੰਦਰ ਬਾਸੀ ਦੇ ਘਰ 'ਤੇ ਸੋਮਵਾਰ ਨੂੰ ਖ਼ਾਲਿਸਤਾਨੀ ਬਦਮਾਸ਼ਾਂ ਨੇ ਹਮਲਾ ਕੀਤਾ। ਜੋਗਿੰਦਰ ਬਾਸੀ ਨੇ ਖ਼ੁਦ ਇਸ ਘਟਨਾ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਹਮਲੇ ਬਾਰੇ ਜੋਗਿੰਦਰ ਬਾਸੀ ਨੇ ਕਿਹਾ ਕਿ ਮੇਰੇ ਘਰ 'ਤੇ ਭਾਰਤੀ ਸਮੇਂ ਅਨੁਸਾਰ ਬੀਤੇ ਦਿਨ ਹਮਲਾ ਹੋਇਆ ਸੀ। ਸ਼ੁਕਰ ਹੈ ਕਿ ਮੈਂ ਤੇ ਮੇਰਾ ਪਰਵਾਰ ਇਸ ਘਟਨਾ ਵਿਚ ਪੂਰੀ ਤਰ੍ਹਾਂ ਸੁਰੱਖਿਅਤ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਇਹ ਹਮਲਾ ਮੇਰੇ ਭਾਰਤ ਵਾਪਸ ਆਉਣ ਤੋਂ ਪਹਿਲਾਂ ਕੀਤਾ ਗਿਆ ਸੀ। ਜਿਸ ਕਾਰਨ ਮੈਂ ਅੱਜ ਭਾਰਤ ਵਾਪਸ ਆ ਰਿਹਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇਹ ਹਮਲਾ ਕਿਸੇ ਹੋਰ ਨੇ ਨਹੀਂ ਸਗੋਂ ਖ਼ਾਲਿਸਤਾਨੀ ਅਪਰਾਧੀਆਂ ਨੇ ਕੀਤਾ ਹੈ। ਮੈਂ ਇਸ ਸਬੰਧ ਵਿਚ ਕੈਨੇਡਾ ਦੀ ਟੋਰਾਂਟੋ ਪੁਲਿਸ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਇਥੇ ਦਸਣਯੋਗ ਹੈ ਕਿ ਜੋਗਿੰਦਰ ਬਾਸੀ ਨੂੰ ਪਹਿਲਾਂ ਵੀ ਖ਼ਾਲਿਸਤਾਨੀਆਂ ਵਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਚੁਕੀਆਂ ਹਨ। ਭਾਰਤ ਵਿਚ ਉਨ੍ਹਾਂ ਨੂੰ ਪੰਜਾਬ ਪੁਲਿਸ ਵਲੋਂ ਸੁਰੱਖਿਆ ਦਿਤੀ ਜਾਂਦੀ ਹੈ। ਇਕ ਸੁਰੱਖਿਆ ਘੇਰਾ ਹਰ ਸਮੇਂ ਉਨ੍ਹਾਂ ਨਾਲ ਰਹਿੰਦਾ ਹੈ। ਤੁਹਾਨੂੰ ਦਸ ਦੇਈਏ ਕਿ ਟੋਰਾਂਟੋ, ਕੈਨੇਡਾ ਵਿੱਚ ਪ੍ਰਸਾਰਿਤ ਹੋਣ ਵਾਲੇ ਪ੍ਰਸਿੱਧ ਬਸੀ ਸ਼ੋਅ ਦੇ ਸੰਪਾਦਕ ਜੋਗਿੰਦਰ ਬਸੀ ਨੂੰ ਪੰਜਾਬ ਵਿਚ ਬਹੁਤ ਸਾਰੇ ਲੋਕ ਸੁਣਦੇ ਹਨ। ਲਗਭਗ ਤਿੰਨ ਮਹੀਨੇ ਪਹਿਲਾਂ, ਇੱਕ ਨੌਜਵਾਨ ਨੇ ਉਸਨੂੰ ਦੁਬਈ ਦੇ ਇਕ ਨੰਬਰ ਤੋਂ ਸੁਨੇਹਾ ਭੇਜ ਕੇ ਧਮਕੀ ਦਿਤੀ ਸੀ। ਇਸ ਸਬੰਧੀ ਜੋਗਿੰਦਰ ਬਾਸੀ ਦੀ ਟੀਮ ਨੇ ਕੈਨੇਡੀਅਨ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਦੋਸ਼ੀ ਨੇ ਬਸੀ ਨੂੰ ਸੁਨੇਹਾ ਭੇਜਿਆ ਸੀ ਕਿ ਤੇਰਾ ਅੰਤ ਨੇੜੇ ਹੈ। ਆਪਣੇ ਦੇਵਤਿਆਂ ਦਾ ਧਿਆਨ ਕਰੋ। ਅੰਤ ਵਿਚ, ਦੋਸ਼ੀ ਨੇ ਬਸੀ ਨੂੰ ਭਾਰਤੀ ਜਾਸੂਸ ਕਹਿ ਕੇ ਸੰਬੋਧਿਤ ਕੀਤਾ। ਤੁਹਾਨੂੰ ਦੱਸ ਦੇਈਏ ਕਿ ਜੋਗਿੰਦਰ ਬਾਸੀ ਦੇ ਕੈਨੇਡਾ ਸਥਿਤ ਘਰ 'ਤੇ ਪਹਿਲਾਂ ਵੀ ਹਮਲਾ ਹੋ ਚੁੱਕਾ ਹੈ।

# ਟਰੰਪ ਨੇ ਟੈਕਸ ਲਾਇਆ ਤਾਂ ਅਮਰੀਕਾ ਦੀ ਸ਼ਰਾਬ ਬੰਦ : ਡਗ ਫ਼ੋਰਡ




ਟੋਰਾਂਟੋ : ਉਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਵੱਲੋਂ ਐਲ.ਸੀ.ਬੀ.ਓ. ਪ੍ਰਬੰਧਕਾਂ ਨੂੰ ਸਾਫ਼ ਲਫ਼ਜ਼ਾਂ ਵਿਚ ਆਖ ਦਿਤਾ ਗਿਆ ਹੈ ਕਿ ਜੇ ਡੋਨਲਡ ਟਰੰਪ ਕੈਨੇਡੀਅਨ ਵਸਤਾਂ 'ਤੇ ਟੈਕਸ ਲਾਗੂ ਕਰਦੇ ਹਨ ਤਾਂ ਅਮਰੀਕਾ ਵਿਚ ਬਣੀ ਸ਼ਰਾਬ ਕਿਸੇ ਸਟੋਰ ਵਿਚ ਨਜ਼ਰ ਨਹੀਂ ਆਉਣੀ ਚਾਹੀਦੀ। ਰੂਰਲ ਉਨਟਾਰੀਓ ਮਿਊਂਸਪਲ ਐਸੋਸੀਏਸ਼ਨ ਦੀ ਸਾਲਾਨ ਜਨਰਲ ਮੀਟਿੰਗ ਦੌਰਾਨ ਡਗ ਫ਼ੋਰਡ ਵੱਲੋਂ ਸੂਬੇ ਵਿਚ ਬਣੀ ਸ਼ਰਾਬ ਨੂੰ ਤਰਜੀਹ ਦਿਤੇ ਜਾਣ 'ਤੇ ਜ਼ੋਰ ਦਿਤਾ ਗਿਆ। ਉਨ੍ਹਾਂ ਕਿਹਾ, ''ਅਸੀਂ ਦੁਨੀਆਂ ਵਿਚ ਸ਼ਰਾਬ ਦੇ ਸਭ ਤੋਂ ਵੱਡੇ ਖਰੀਦਾਰ ਹਾਂ ਅਤੇ ਗੁਆਂਢੀਆਂ 'ਤੇ ਇਸ ਦਾ ਅਸਰ ਜ਼ਰੂਰ ਪਵੇਗਾ। ਕੈਨੇਡਾ ਦੇ ਸਾਰੇ ਪ੍ਰੀਮੀਅਰਜ਼ ਨਾਲ ਗੱਲਬਾਤ ਕਰਦਿਆਂ ਇਹ ਨੀਤੀ ਲਾਗੂ ਕਰਨ ਦਾ ਸੱਦਾ ਵੀ ਦਿਤਾ ਜਾਵੇਗਾ।''

**ਐਲ.ਸੀ.ਬੀ.ਓ. ਵਾਲਿਆਂ ਨੂੰ ਸਾਫ਼ ਲਫ਼ਜ਼ਾਂ ਵਿਚ ਦਿਤੀ ਹਦਾਇਤ**

ਉਧਰ ਐਲ.ਸੀ.ਬੀ.ਓ. ਵੱਲੋਂ ਡਗ ਫੋਰਡ ਦੀਆਂ ਹਦਾਇਤਾਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਇਥੇ ਦਸਣਾ ਬਣਦਾ ਹੈ ਕਿ ਕੈਨੇਡੀਅਨ ਵਸਤਾਂ 'ਤੇ 25 ਫੀ ਸਦੀ ਟੈਕਸ ਲੱਗਣ ਦੀ ਸੂਰਤ ਵਿਚ ਇਕੱਲੇ ਉਨਟਾਰੀਓ ਵਿਚੋਂ ਸਾਢੇ ਚਾਰ ਲੱਖ ਤੋਂ ਪੰਜ ਲੱਖ ਨੌਕਰੀਆਂ ਖ਼ਤਮ ਹੋ ਸਕਦੀਆਂ ਹਨ। ਡਗ ਫ਼ੋਰਡ ਨੇ ਅੱਗੇ ਕਿਹਾ ਕਿ ਜੇ ਅਰਬਾਂ ਡਾਲਰ ਖਰਚ ਕਰਨ ਦੀ ਨੌਬਤ ਆਉਂਦੀ ਹੈ ਤਾਂ ਲੋਕਾਂ ਨੂੰ ਫੈਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪੈਸੇ ਦੀ ਵਰਤੋਂ ਕਿਸ ਤਰੀਕੇ ਨਾਲ ਕੀਤੀ ਜਾਵੇ। ਅੰਤ ਵਿਚ ਉਨਟਾਰੀਓ ਦੇ ਪ੍ਰੀਮੀਅਰ ਇਹ ਵੀ ਕਹਿ ਗਏ ਕਿ ਫਿਲਹਾਲ ਯਕੀਨੀ ਤੌਰ 'ਤੇ ਕੁਝ ਵੀ ਕਹਿਣਾ ਮੁਸ਼ਕਲ ਹੈ ਅਤੇ ਭਵਿੱਖ ਵਿਚ ਟੈਕਸ ਦਰਾਂ ਲੱਗਣ ਤੋਂ ਬਾਅਦ ਹੀ ਠੋਸ ਗੱਲ ਕੀਤੀ ਜਾ ਸਕਦੀ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ 'ਤੇ ਦਿੱਤੀ ਵਧਾਈ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਿਪਬਲਿਕਨ ਪਾਰਟੀ ਦੇ ਨੇਤਾ ਡੋਨਾਲਡ ਟਰੰਪ ਨੂੰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ 'ਤੇ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਇੱਕ ਪੋਸਟ ਵਿੱਚ ਕਿਹਾ, "ਪਿਆਰੇ ਦੋਸਤ ਡੋਨਾਲਡ ਟਰੰਪ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਇਤਿਹਾਸਕ ਸਹੁੰ ਚੁੱਕਣ 'ਤੇ ਵਧਾਈ। ਮੈਂ ਆਪਣੇ ਦੋਹਾਂ ਦੇਸ਼ਾਂ ਦੇ ਭਲੇ ਲਈ ਅਤੇ ਵਿਸ਼ਵ ਲਈ ਬਿਹਤਰ ਭਵਿੱਖ ਬਣਾਉਣ ਲਈ ਇੱਕ ਵਾਰ ਫਿਰ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ। ਤੁਹਾਡੇ ਸਫਲ ਕਾਰਜਕਾਲ ਲਈ ਸ਼ੁੱਭਕਾਮਨਾਵਾਂ।

ਟਰੰਪ ਨੇ ਦੂਜੀ ਵਾਰ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਹੈ। ਸਹੁੰ ਚੁੱਕ ਸਮਾਗਮ 'ਚ ਕਈ ਸਾਬਕਾ ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਦੇ ਜੱਜ, ਟਰੰਪ ਦੀ ਪੂਰੀ ਕੈਬਨਿਟ, ਉਨ੍ਹਾਂ ਦੇ ਪਰਿਵਾਰ ਦੇ ਸਾਰੇ ਮੈਂਬਰ ਦੇ ਨਾਲ-ਨਾਲ ਵੱਖ-ਵੱਖ ਦੇਸ਼ਾਂ ਦੇ ਪ੍ਰਮੁੱਖ ਮੁਖੀ ਅਤੇ ਕਈ ਤਕਨੀਕੀ ਕੰਪਨੀਆਂ ਦੇ ਦਿੱਗਜ ਲੋਕ ਮੌਜੂਦ ਸਨ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਅਤੇ ਜਿਲ ਬਾਇਡਨ ਨੇ ਡੋਨਾਲਡ ਟਰੰਪ ਅਤੇ ਮੇਲਾਨੀਆ ਟਰੰਪ ਦਾ ਵ੍ਹਾਈਟ ਹਾਊਸ ਵਿਚ ਚਾਹ ਲਈ ਸਵਾਗਤ ਕੀਤਾ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਪ੍ਰਧਾਨ ਮੰਤਰੀ ਮੋਦੀ ਦੇ ਵਿਸ਼ੇਸ਼ ਦੂਤ ਵਜੋਂ ਸਮਾਗਮ ਵਿੱਚ ਮੌਜੂਦ ਸਨ। ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀ ਟਵੀਟ ਕਰਕੇ ਟਰੰਪ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਦਘਾਟਨ ਸਮਾਰੋਹ 'ਚ ਭਾਰਤ ਦੀ ਪ੍ਰਤੀਨਿਧਤਾ ਕਰਨਾ ਉਨ੍ਹਾਂ ਲਈ 'ਵੱਡਾ ਸਨਮਾਨ' ਹੈ।

# ਫ਼ਰੀਦਕੋਟ ਦੇ ਨੌਜਵਾਨ ਦੀ ਹਾਂਗਕਾਂਗ 'ਚ ਭੇਦਭਰੇ ਹਾਲਾਤ 'ਚ ਹੋਈ ਮੌਤ

ਵਿਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ ਜੋ ਚਿੰਤਾਜਨਕ ਵੀ ਹਨ। ਹੁਣ ਫਰੀਦਕੋਟ ਦੇ ਨੌਜਵਾਨ ਦੀ ਹਾਂਗਕਾਂਗ ਵਿੱਚ ਮੌਤ ਹੋ ਗਈ ਹੈ। ਵਿਆਹ ਤੋਂ ਇੱਕ ਸਾਲ ਬਾਅਦ ਹੀ ਫ਼ਰੀਦਕੋਟ ਦੇ 25 ਸਾਲਾਂ ਨੌਜਵਾਨ ਹਰਪ੍ਰੀਤ ਸਿੰਘ ਦੀ ਹਾਂਗਕਾਂਗ ਵਿਚ ਭੇਤਭਰੇ ਹਾਲਤ ਵਿਚ ਮੌਤ ਹੋ ਗਈ। ਕਰੀਬ ਇੱਕ ਹਫ਼ਤਾ ਪਹਿਲਾ ਪਰਿਵਾਰ ਨੂੰ ਸੂਚਨਾ ਮਿਲੀ ਸੀ ਕਿ ਉਨ੍ਹਾਂ ਦੇ ਲੜਕੇ ਹਰਪ੍ਰੀਤ ਸਿੰਘ ਵੱਲੋਂ ਫਾਹਾ ਲੈ ਕੇ ਆਤਮਹੱਤਿਆ ਕਰ ਲਈ ਗਈ ਪਰ ਪਰਿਵਾਰਿਕ ਮੈਂਬਰਾਂ ਨੇ ਸ਼ੰਕਾ ਜਤਾਇਆ ਹੈ ਕਿ ਉਸ ਦਾ ਸਹੁਰਾ ਪਰਿਵਾਰ ਜੋ ਹਾਂਗਕਾਂਗ ਦਾ ਪੱਕਾ ਵਸਨੀਕ ਹੈ ਉਸ ਵੱਲੋਂ ਸਾਡੇ ਪੁੱਤਰ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਸ ਲਈ ਸਾਡੇ ਪੁੱਤਰ ਦੀ ਮੌਤ ਦੀ ਸਹੀ ਢੰਗ ਨਾਲ ਜਾਂਚ ਹੋਣੀ ਚਾਹੀਦੀ ਹੈ। ਇਸ ਘਟਨਾ ਤੋਂ ਬਾਅਦ ਪਰਿਵਾਰ ਸਦਮੇ ਵਿੱਚ ਹੈ ਅਤੇ ਰੋ ਰੋ ਕੇ ਬੁਰਾ ਹਾਲ ਹੈ।

ਵਿਆਹ ਤੋਂ ਇੱਕ ਸਾਲ ਬਾਅਦ ਹੀ ਫਰੀਦਕੋਟ ਦੇ 25 ਸਾਲਾਂ ਨੌਜਵਾਨ ਹਰਪ੍ਰੀਤ ਸਿੰਘ ਦੀ ਹਾਂਗਕਾਂਗ ਚ ਭੇਦਭਰੇ ਹਾਲਾਤਾਂ ਚ ਮੌਤ ਹੋ ਗਈ। ਕਰੀਬ ਇੱਕ ਹਫਤਾ ਪਹਿਲਾ ਪਰਿਵਾਰ ਨੂੰ ਸੂਚਨਾ ਮਿਲੀ ਸੀ ਕਿ ਉਨ੍ਹਾਂ ਦੇ ਲੜਕੇ ਹਰਪ੍ਰੀਤ ਸਿੰਘ ਵੱਲੋਂ ਫਾਹਾ ਲੈਕੇ ਆਤਮਹੱਤਿਆ ਕਰ ਲਈ ਗਈ ਪਰ ਪਰਿਵਾਰਕ ਮੈੱਬਰਾਂ ਨੇ ਸ਼ੰਕਾ ਜਤਾਈ ਕੇ ਉਸਦਾ ਸਹੁਰਾ ਪਰਿਵਾਰ ਜੋ ਹਾਂਗਕਾਂਗ



ਦਾ ਪੱਕਾ ਵਸਨੀਕ ਹੈ ਉਸ ਵੱਲੋ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾਂਦਾ ਸੀ ਜਿਸ ਕਾਰਨ ਉਸਦੀ ਹਤਿਆ ਵੀ ਕੀਤੀ ਹੋਈ ਹੋ ਸਕਦੀ ਹੈ ਜਿਸਦੀ ਸਹੀ ਢੰਗ ਨਾਲ ਜਾਂਚ ਹੋਣੀ ਚਾਹੀਦੀ ਹੈ। ਉਧਰ ਇਸ ਘਟਨਾ ਤੋਂ ਬਾਅਦ ਪਰਿਵਾਰ ਸਦਮੇ ਚ ਹੈ ਤੇ ਉਸਦਾ ਰੋ ਰੋ ਕੇ ਬੁਰਾ ਹਾਲ ਹੈ।

ਮ੍ਰਿਤਕ ਨੌਜਵਾਨ ਹਰਪ੍ਰੀਤ ਸਿੰਘ ਦੀ ਭੈਣ ਸੁਖਦੀਪ ਕੌਰ ਨੇ ਦੱਸਿਆ ਕੇ ਪਿਛਲੇ ਸਾਲ ਦਿਸੰਬਰ ਮਹੀਨੇ ਹਰਪ੍ਰੀਤ ਦੀ ਸ਼ਾਦੀ ਮਹਿੰਦਰ ਕੌਰ ਮਾਹੀ ਨਾਮ ਦੀ ਲੜਕੀ ਜੋ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰ ਰਾਏ ਪੁਰ ਦੀ ਰਹਿਣ ਵਾਲੀ ਹੈ ਨਾਲ ਹੋਇਆ ਸੀ ਜੋ ਖੁਦ ਅਤੇ ਉਸਦਾ ਪੂਰਾ ਪਰਿਵਾਰ ਹਾਂਗਕਾਂਗ ਦੇ ਪੱਕੇ ਵਸਨੀਕ ਹਨ ਨਾਲ ਹੋਈ ਸੀ। ਸ਼ਾਦੀ ਦੇ ਕਰੀਬ ਛੇ ਮਹੀਨੇ ਬਾਅਦ ਉਨ੍ਹਾਂ ਦੇ ਬੇਟੇ ਦਾ ਵੀਜ਼ਾ ਆਉਣ ਤੋਂ ਬਾਅਦ ਖੁਦ ਲੜਕੀ ਉਸਨੂੰ ਇੰਡੀਆ ਤੋਂ ਆਪਣੇ ਨਾਲ ਲੈਕੇ ਗਈ ਸੀ। ਵਿਆਹ ਤੋਂ ਕੁੱਜ ਦਿਨਾਂ ਬਾਅਦ ਹੀ ਦੋਨਾਂ ਚ ਕੁੱਜ ਵਿਵਾਦ ਹੋ ਗਿਆ ਜਿਸ ਤੋਂ ਬਾਅਦ ਇੱਕ ਵਾਰ ਹਰਪ੍ਰੀਤ ਵਾਪਿਸ ਆ ਗਿਆ ਸੀ ਪਰ ਰਿਸ਼ਤੇਦਾਰਾਂ ਨੇ ਵਿਚ ਪੈ ਕੇ ਇਨ੍ਹਾਂ ਦੀ ਸੇਟਲਮੈਂਟ ਕਰਵਾ ਦਿੱਤੀ ਅਤੇ ਦੋਬਾਰਾ ਦੋਨੋ ਹਾਂਗਕਾਂਗ ਚਲੇ ਗਏ।

ਪਰ ਉਥੇ ਜਾਣ ਤੋਂ ਬਾਅਦ ਉਸਦੇ ਸੋਹਰੇ ਪਰਿਵਾਰ ਦਾ ਵਤੀਰਾ ਹਰਪ੍ਰੀਤ ਪ੍ਰਤੀ ਬਦਲ ਗਿਆ ਅਤੇ ਉਨ੍ਹਾਂ ਨੇ ਆਪਣੀ ਬੇਇਜਤੀ ਸਮਝਦੇ ਹੋਏ ਹਰਪ੍ਰੀਤ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਈ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਜਾਣ ਲੱਗੀਆਂ ਨਾਲ ਹੀ ਇੱਕ ਮਿਲੀਅਨ ਡਾਲਰ ਦਾ ਮੁਆਵਜ਼ਾ ਦਾ ਡਰ ਦੇਣ ਲੱਗੇ ਸੀ ਜਿਸ ਸਬੰਧੀ ਉਹ ਸਾਨੂੰ ਫੋਨ ਕਾਲ ਕਰਕੇ ਦਸਦਾ ਰਹਿੰਦਾ ਸੀ। ਉਨ੍ਹਾਂ ਕਿਹਾ ਕਿ ਇੱਕ ਹਫਤਾ ਪਹਿਲਾ ਉਨ੍ਹਾਂ ਨੂੰ ਹਰਪ੍ਰੀਤ ਦੀ ਮੌਤ ਦੀ ਖਬਰ ਮਿਲਦੀ ਹੈ। ਉਨ੍ਹਾਂ ਕਿਹਾ ਕਿ ਹਲੇ ਤੱਕ ਹਰਪ੍ਰੀਤ ਦਾ ਪੋਸਟਮਾਰਟਮ ਤੱਕ ਨੀ ਹੋਇਆ । ਉਨ੍ਹਾਂ ਮੰਗ ਕੀਤੀ ਕਿ ਹਰਪ੍ਰੀਤ ਦੀ ਮੌਤ ਦੀ ਸਹੀ ਜਾਂਚ ਹੋਣੀ ਚਾਹੀਦੀ ਹੈ। ਹਰਪ੍ਰੀਤ ਦੇ ਪਿਤਾ ਨੇ ਵੀ ਕਿਹਾ ਕਿ ਉਨ੍ਹਾਂ ਦਾ ਬੇਟਾ ਬਹੁਤ ਮਜ਼ਬੂਤ ਜੇਰੇ ਦਾ ਸੀ ਉਹ ਆਤਮਹੱਤਿਆ ਨੀ ਕਰ ਸਕਦਾ ਜਰੂਰ ਇਸ ਪਿੱਛੇ ਕੋਈ ਸਾਜ਼ਿਸ਼ ਹੈ ਜਿਸਦੀ ਜਾਂਚ ਹੋਵੇ ਤੇ ਉਨ੍ਹਾਂ ਨੂੰ ਇਨਸਾਫ ਮਿਲ ਸਕੇ।



ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com

Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਲੀਹੋਂ ਲੱਥੇ ਪੰਜਾਬੀ, ਹੋਰ ਕਿੰਨੀਂ ਕੁ ਬਰਬਾਦੀ ?



ਪੰਜਾਬ ਦੇ ਹਾਲਾਤ ਜਿਹੋ ਜਿਹੇ ਬੰਦੇ ਤੇ ਬਣਾਏ ਜਾ ਰਹੇ ਹਨ, ਇਸ ਸਭ ਨੂੰ ਦੇਖਦਿਆਂ, ਸਮਝਦਿਆਂ ਤੇ ਅਤੀਤ,, ਵਰਤਮਾਨ ਤੇ ਭਵਿੱਖ ਬਾਰੇ ਸੋਚਦਿਆਂ ਮਨ ਉਦਾਸ ਹੋ ਜਾਂਦਾ ਹੈ। ਅਸੀਂ ਆਪਣੇ ਭਵਿੱਖ ਨੂੰ ਬਚਾਉਣ ਲਈ ਵਰਤਮਾਨ ਸਮੇਂ ਵਿੱਚ ਐਨੇ ਅਵੇਸਲੇ ਹੋ ਗਏ ਹਾਂ ਕਿ ਅਸੀਂ ਆਪੋ ਆਪਣੇ ਖੋਲ਼ (ਨਿੱਜਪ੍ਰਸਤੀ) ਵਿੱਚ ਬੰਦ ਹੋ ਗਏ ਹਾਂ। ਅਸੀਂ ਨਿੱਜੀਕਰਨ ਦਾ ਤਾਂ ਵਿਰੋਧ ਕਰਦੇ ਹਾਂ ਤੇ ਖੁਦ ਨਿੱਜਪ੍ਰਸਤੀ ਦੇ ਆਲਮ ਵਿੱਚ ਜਿਉਂਦੇ ਰਹਿਣ ਦਾ ਫੈਸਲਾ ਕਰ ਲਿਆ ਹੈ। ਮੌਸਮ ਬਦਲ ਰਿਹਾ ਹੈ, ਅਸਮਾਨ ਉੱਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਹਨ। ਅਸੀਂ ਬੇਖ਼ਬਰ ਆਪਣੀ ਧੁਨ ਵਿੱਚ ਮਸਤ ਹੋ ਕੇ ਰਹਿ ਗਏ ਹਾਂ। ਜਦੋਂ ਬਰਸਾਤ ਆਉਂਦੀ ਤਾਂ ਪਹਿਲਾਂ ਮੋਰ ਊਚੀ ਊਚੀ ਕੂਕਦੇ ਹਨ। ਅਸਮਾਨ ਵਿੱਚ ਬਗਲੇ ਉਡਦੇ ਫਿਰਦੇ ਹਨ। ਜਦੋਂ ਭੂਚਾਲ ਆਉਣਾ ਹੋਵੇ ਤਾਂ ਚੂਹੇ ਤੇ ਜਾਨਵਰਾਂ ਨੂੰ ਪਤਾ ਲੱਗ ਜਾਂਦਾ ਹੈ। ਜਦੋਂ ਹੁੰਮਸ ਪਵੇ, ਪੁਰੇ ਦੀ ਹਵਾ ਚੱਲ ਕੇ ਹਟ ਪਵੇ ਤਾਂ ਵੀ ਮੀਂਹ ਪੈਣ ਦੇ ਸੰਕੇਤ ਆਉਣ ਲੱਗਦੇ ਹਨ। ਇਹ ਸੰਕੇਤ ਭਲ਼ੇ ਸਮਿਆਂ ਵਿੱਚ ਆਮ ਸਮਝ ਆਉਂਦੇ ਸਨ। ਹੁਣ ਪਰਲੋ ਆਉਣ ਆਉਣ ਵਾਲੀ ਹੈ ਪਰ ਲੋਕਾਂ ਨੂੰ ਇਸ ਗੱਲ ਦਾ ਕੋਈ ਸੰਕੇਤ ਸਮਝ ਨਹੀਂ ਆਉਂਦਾ। ਉਹ ਗਧੇ ਵਾਂਗੂੰ ਭਾਰ ਢੋਂਹਦੇ ਫਿਰਦੇ ਹਨ। ਸਿਆਸਤ ਦੇ ਬੱਦਲ ਗੂੜ੍ਹੇ ਹੋ ਰਹੇ ਹਨ। ਕਦੋਂ ਕਿੱਥੇ ਕੀ ਵਾਪਰ ਜਾਵੇ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਫ਼ਰਕ ਉਹਨਾਂ ਨੂੰ ਪੈਂਦਾ ਹੈ, ਜਿਹਨਾਂ ਦਾ ਨੁਕਸਾਨ ਹੁੰਦਾ ਹੈ। ! ਅਕਾਲੀ ਸਿਆਸਤ ਪਚਾਨਵੇਂ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਸੱਤਾਧਾਰੀ ਧਿਰ ਇਸ ਤਰ੍ਹਾਂ ਦਾ ਮਾਹੌਲ ਚਾਹੁੰਦੀ ਹੈ ਤਾਂ ਕਿ ਉਨ੍ਹਾਂ ਦੀਆਂ ਕਰਤੂਤਾਂ ਲੁਕੀਆਂ ਰਹਿਣ। ਉਹਨਾਂ ਨੂੰ ਮਨੁੱਖਤਾ ਦੇ ਨਾਲ ਕੋਈ ਸਰੋਕਾਰ ਨਹੀਂ। ਹਾਕਮ ਦਾ ਕੰਮ ਹਕੂਮਤ ਕਰਨਾ ਹੁੰਦਾ ਹੈ। ਉਹ ਕਰ ਰਹੀ ਤੇ ਚਰ ਰਹੀ ਹੈ, ਬਹੁਗਿਣਤੀ ਡੋਰੂ ਵਜਾ ਕੇ ਗੁਜ਼ਾਰਾ ਕਰਦੀ ਹੈ। ਉਹਨਾਂ ਦੇ ਸਿਰ ਉੱਤੇ ਫਿਕਰਾਂ ਦੀ ਪੰਡ ਵੱਡੀ ਹੋ ਰਹੀ ਹੈ। ਜਿਉਂ ਜਿਉਂ ਜ਼ਿੰਦਗੀ ਜੁਆਨੀ ਤੋਂ ਬੁਢਾਪੇ ਵੱਲ ਵਧਦੀ ਹੈ, ਤਾਂ ਯਾਦਾਂ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਇਹ ਪੰਡ ਚੰਗੀਆਂ-ਮਾੜੀਆਂ ਯਾਦਾਂ ਦੀਆਂ ਕਈ ਛੋਟੀਆਂ ਵੱਡੀਆਂ ਪਟਾਰੀਆਂ ਦਾ ਸੁਮੇਲ ਹੁੰਦੀ ਹੈ। ਗਾਹੇ ਬਗਾਹੇ ਇਹਨਾਂ ਵਿਚੋਂ ਕੋਈ ਪਟਾਰੀ ਸਹਿਜ ਸੁਭਾਅ ਖੁੱਲ੍ਹ ਜਾਂਦੀ ਹੈ ਤੇ ਫਿਰ ਯਾਦਾਂ ਦੀਆਂ ਕੜੀਆਂ ਜੁੜਨ ਲੱਗਦੀਆਂ ਹਨ । ਇਹ ਯਾਦਾਂ ਦੀ ਪਟਾਰੀ ਵਿੱਚੋਂ ਕੋਈ ਫ਼ਿਲਮ ਸੁਰਤ ਵਿੱਚ ਚੱਲਣ ਲਗਦੀ ਹੈ ਪਰ ਮਨੁੱਖ ਕੋਲ਼ ਇਨ੍ਹਾਂ ਯਾਦਾਂ ਦੇ ਨੇੜੇ ਢੁੱਕ ਕੇ ਬੈਠਣ ਦੀ ਵਿਹਲ ਨਹੀਂ ਹੁੰਦੀ। ਉਹ ਇਹਨਾਂ ਤੋਂ ਦੂਰ ਦੌੜਦਾ ਹੈ ਪਰ ਦੌੜਦਾ ਦੌੜਦਾ ਇੱਕ ਦਿਨ ਅਜਿਹੀ ਦੌੜ ਵਿੱਚ ਸ਼ਾਮਿਲ ਹੋ ਜਾਂਦਾ ਹੈ ਜੋ ਰਾਮ ਨਾਮ ਸਤਜ ਵਾਲ਼ੇ ਵਿਦਾਈ ਗੀਤ ਤੇ ਜਾ ਕੇ ਖ਼ਤਮ ਹੁੰਦੀ ਹੈ। ਇਹ ਬੋਲ ਉਸ ਲਈ ਨਹੀਂ ਸਗੋਂ ਉਸ ਦੇ ਮਗਰ ਤੁਰੇ ਆਉਂਦਿਆਂ ਨੂੰ ਸੁਣਾਉਣ ਲਈ ਉਚਾਰੇ ਜਾਂਦੇ ਹਨ। ਇਹ ਬੋਲ ਮੜ੍ਹੀਆਂ ਦੀ ਹੱਦ ਤੱਕ ਹੀ ਬੋਲੇ ਤੇ ਸੁਣੇ ਜਾਂਦੇ ਹਨ, ਫ਼ਿਰ ਉਹੀ ਕਾਰ ਵਿਹਾਰ, ਝੰਜਟਾਂ, ਝਮੇਲਿਆਂ, ਦੁਸ਼ਵਾਰੀਆਂ, ਦੁੱਖ ਦਰਦ ਤੇ ਆਪਣੇ ਕਾਰੋਬਾਰ ਦੀਆਂ ਕਥਾ ਕਹਾਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਕਥਾ ਕਹਾਣੀਆਂ ਵਿੱਚ ਕੋਈ ਰਸ ਨਹੀਂ ਹੁੰਦਾ, ਨਾ ਕਿਸੇ ਨੂੰ ਸੁਣਨ ਵਿੱਚ ਦਿਲਚਸਪੀ ਹੁੰਦੀ ਹੈ। ਹੁੰਗਾਰਾ ਭਰਨ ਵਾਲ਼ੇ ਦੀ ਬਸ ਹਾਂ-ਹੂੰ ਦੀ ਅਵਾਜ਼ ਹੀ ਕੰਨੀਂ ਪੈਂਦੀ ਹੈ। ਅੱਜ ਕੱਲ੍ਹ ਜ਼ਿੰਦਗੀ ਹੱਦ ਬੰਨ੍ਹਿਆਂ ਵਿੱਚ ਬੱਝੀ ਹੋਈ ਨਹੀਂ ਰਹੀ । ਆਧੁਨਿਕ ਸੰਚਾਰ ਸਾਧਨਾਂ ਨੇ ਧਰਤੀ ਦੇ ਸਾਰੇ ਲੋਕਾਂ ਨੂੰ ਇੱਕ ਨਿੱਕੇ ਜਿਹੇ ਯੰਤਰ ਰਾਹੀਂ ਇਕ ਦੂਜੇ ਦੇ ਰੂਬਰੂ ਲਿਆ ਬਿਠਾਇਆ ਹੈ। ਜਿੱਥੇ ਇਸ ਯੰਤਰ ਦਾ ਬੇਅੰਤ ਲਾਭ ਹੋਇਆ ਹੈ ਉੱਥੇ ਇਸ ਨੇ ਮਨੁੱਖ ਨੂੰ ਚਿੱਟੇ ਦਿਨ ਝੂਠ ਦਾ ਵਪਾਰੀ ਵੀ ਬਣਾ ਦਿੱਤਾ ਹੈ। ਉਹ ਇਸ ਝੂਠ ਦੇ ਵਪਾਰ ਵਿੱਚ ਕਾਹਲੇ ਬਲਦ ਵਾਂਗੂ ਸਿਰ ਸੁੱਟ ਕੇ ਤੇ ਅੱਖਾਂ ਮੀਟ ਕੇ ਤੁਰਿਆ ਜਾ ਰਿਹਾ ਹੈ। ਉਸ ਅੰਦਰ ਭੌਤਿਕ ਪਦਾਰਥਾਂ ਦੀ ਲਾਲਸਾ ਤੇ ਲਲਕ ਏਨੀ ਵਧ ਗਈ ਹੈ ਕਿ ਉਹ ਆਪਣਾ ਸਾਊਪੁਣਾ, ਸੱਭਿਆਚਾਰ, ਮਰਿਆਦਾ, ਸਭ ਕੁਝ ਭੁੱਲਦਾ ਜਾ ਰਿਹਾ ਹੈ। ਉਹ ਹੋਰ ਕੀ ਕੀ ਭੁੱਲਦਾ ਜਾ ਰਿਹਾ ਹੈ, ਇਸ ਤੋਂ ਉਹ ਅਣਜਾਣ ਹੈ। ਇਸ ਲਾਲਸਾ ਨੇ ਮਨੁੱਖ ਦੇ ਅੰਦਰੋਂ ਕਈ ਪੀੜ੍ਹੀਆਂ ਦੇ ਗਿਆਨ ਦੀ ਕਮਾਈ ਲੁੱਟ ਲਈ ਹੈ। ਉਸ ਦੀ ਥਾਂ ਉਸਨੂੰ ਦੁਨੀਆਂ ਤੇ ਰਾਜ ਕਰਨ ਦਾ ਇੱਕ ਨਿਸ਼ਾਨਾ ਦੇ ਦਿੱਤਾ ਹੈ। ਇਹ ਨਿਸ਼ਾਨਾ ਪੂਰਾ ਕਰਨ ਲਈ ਉਹ ਤਾ-ਉਮਰ ਦੌੜਦਾ ਰਹਿੰਦਾ ਹੈ। ਪਰ ਕੁੱਝ ਦਹਾਕਿਆਂ ਦੀ ਹਯਾਤੀ ਵਿੱਚ ਉਸਦਾ ਇਹ ਟੀਚਾ ਪੂਰਾ ਨਹੀਂ ਹੁੰਦਾ। ਇਹ ਨਿਸ਼ਾਨਾ ਓਦਾਂ ਦਾ ਨਹੀਂ ਹੈ ਜਿਸਨੂੰ ਨਿਸ਼ਾਨੇਬਾਜ਼ ਨਿਸ਼ਾਨਾ ਲਗਾਉਂਣ ਲਈ ਵਰਤਦੇ ਹਨ। ਸਗੋਂ ਇਹ ਤਾਂ ਉਹ ਨਿਸ਼ਾਨਾ ਹੈ, ਜਿਸਨੇ ਉਸ ਅੰਦਰੋਂ ਸਾਵੀ ਪੱਧਰੀ ਜ਼ਿੰਦਗੀ ਜਿਉਣ ਦਾ ਹੁਨਰ ਖ਼ਤਮ ਕਰਕੇ ਮਨ ਦੀ ਸ਼ਾਂਤੀ ਭੰਗ ਕਰ ਦਿੱਤੀ ਹੈ। ਉਸਦੇ ਅੰਦਰ ਤੇ ਬਾਹਰ ਇੱਕ ਸ਼ੋਰ ਹੈ। ਉਹ ਸ਼ੋਰ ਜਿਹੜਾ ਦੂਸਰਿਆਂ ਨੂੰ ਸੁਣਾਈ ਨਹੀਂ ਦੇਂਦਾ। ਇਹ ਸ਼ੋਰ ਸਗੋਂ ਅਜਿਹੀਆਂ ਅਲਾਮਤਾਂ ਦੇਂਦਾ ਹੈ ਕਿ ਮਨੁੱਖ ਡੇਰਿਆਂ, ਸਾਧਾਂ ਸੰਤਾਂ ਵੱਲ ਦੌੜਦਾ ਹੈ।

ਰਮਣੀਕ ਵਾਦੀਆਂ, ਸਿਨਮਾ ਘਰਾਂ, ਕੈਫਿਆਂ, ਮੁਜਰਿਆਂ ਵੱਲ ਜਾਂਦਾ ਹੈ ਪਰ ਉਸਨੂੰ ਕਿੱਧਰੇ ਵੀ ਪਲ ਭਰ ਦਾ ਸਕੂਨ ਨਹੀਂ ਮਿਲ਼ਦਾ। ਉਹ ਉੱਥੋਂ ਨਿਕਲ਼ ਕੇ ਬਜ਼ਾਰ ਵੱਲ ਦੌੜਦਾ ਹੈ। ਬਜ਼ਾਰ ਲਈ ਉਹ ਖਰੀਦਣ ਵੇਚਣ ਦਾ ਮਾਲ ਹੈ। ਬਾਜ਼ਾਰ ਵਿਚ ਵੜੇ ਨੂੰ ਸਮਝ ਨਹੀਂ ਲਗਦੀ ਕਿ ਉਸਨੇ ਕੁੱਝ ਖਰੀਦਿਆ ਹੈ ਜਾਂ ਵੇਚਿਆ ਹੈ। ਇਸਦਾ ਪਤਾ ਉਸਨੂੰ ਉਦੋਂ ਲਗਦਾ ਹੈ ਜਦੋਂ ਉਹ ਘਰ ਆ ਕੇ ਵੇਖਦਾ ਹੈ ਕਿ ਉਸਦੇ ਹੱਥ, ਕੰਨ, ਜੀਭ ਗ਼ਾਇਬ ਹਨ। ਉਹ ਛੇਤੀ ਛੇਤੀ ਪੈਰਾਂ ਵੱਲ ਝਾਤੀ ਮਾਰਦਾ ਹੈ ਤੇ ਖੁਸ਼ ਹੁੰਦਾ ਹੈ ਕਿ ਉਸਦੇ ਪੈਰ ਬਚ ਗਏ ਹਨ। ਇਹ ਪੈਰ ਉਸਨੂੰ ਤੁਰਨ ਜੋਗਾ ਬਣਾਈ ਰੱਖਦੇ ਹਨ। ਉਸਦੀਆਂ ਅੱਖਾਂ, ਦਿਮਾਗ, ਸੋਚ, ਸਮਝ, ਹੱਥ, ਕੰਨ, ਤੇ ਜੀਭ ਤਾਂ ਗਹਿਣੇ ਪਈ ਹੁੰਦੀ ਹੈ। ਗਹਿਣੇ ਪਈ ਕੋਈ ਚੀਜ਼ ਤਾਂ ਫਿਰ ਵੀ ਕਦੀ ਕਦਾਈਂ ਵਾਪਸ ਪਰਤ ਆਉਂਦੀ ਹੈ ਪਰ ਗਹਿਣੇ ਪਈ ਜ਼ਿੰਦਗੀ ਦਾ ਪਰਤਣਾ ਨਾਮੁਮਕਿਨ ਹੁੰਦਾ ਹੈ । ਇਸੇ ਕਰਕੇ ਬਜ਼ਾਰ ਖਰੀਦਣ ਨਾਲ਼ੋਂ ਗਹਿਣੇ ਰੱਖਣ ਨੂੰ ਤਰਜੀਹ ਦੇਂਦਾ ਹੈ। ਉਹ ਗਹਿਣਿਆਂ (ਗਿਰਵੀ) ਬਦਲੇ ਸਾਨੂੰ ਥੋੜ੍ਹੀ ਜਿਹੀ ਜ਼ਿੰਦਗੀ ਦੇਂਦਾ ਹੈ। ਥੋੜ੍ਹਾ ਜਿਹਾ ਹਾਸਾ ਦੇਂਦਾ ਹੈ। ਥੋੜ੍ਹਾ ਜਿਹਾ ਸਕੂਨ ਖੁਸ਼ੀ ਦੇਂਦਾ ਹੈ। ਹੁਣ ਸਾਨੂੰ ਬਜ਼ਾਰ ਹੀ ਦੱਸਦਾ ਹੈ, ਅਸੀਂ ਕਦੋਂ, ਕਿੱਥੇ, ਕਿੰਨਾਂ ਤੇ ਕਿਵੇਂ ਹੱਸਣਾ ਤੇ ਰੋਣਾ ਹੈ। ਹੁਣ ਅਸੀਂ ਖੁੱਲ੍ਹ ਕੇ ਨਾ ਹੱਸ ਸਕਦੇ ਹਾਂ ਤੇ ਨਾ ਹੀ ਰੋ ਸਕਦੇ ਹਾਂ। ਉਂਝ ਅਸੀਂ ਢੌਂਗ ਜ਼ਰੂਰ ਕਰਦੇ ਹਾਂ। ਜ਼ਿੰਦਗੀ ਨੇ ਸਾਨੂੰ ਬਾਣੀਏ ਬਣਾ ਦਿੱਤਾ ਹੈ। ਇਸੇ ਲਈ ਅਸੀਂ ਹਰ ਪਲ ਹਰ ਥਾਂ ਉੱਤੇ ਵਣਜ ਕਰਦੇ ਹਾਂ। ਇਸ ਵਣਜ ਵਿੱਚ ਅਸੀਂ ਸਭ ਕੁੱਝ ਹੀ ਦਾਅ ਉੱਤੇ ਲਾਉਂਦੇ ਹਾਂ ਜਾਂ ਫਿਰ ਇਹ ਕਹਿ ਲਓ ਕਿ ਸਾਨੂੰ ਸਭ ਕੁੱਝ ਹੀ ਦਾਅ ਉੱਤੇ ਲਾਉਣ ਲਈ ਪ੍ਰੇਰਿਆ ਜਾਂਦਾ ਹੈ, ਉਕਸਾਇਆ ਜਾਂਦਾ ਹੈ, ਜਾਂ ਫ਼ਿਰ ਡਰਾਇਆ ਜਾਂਦਾ ਹੈ। ਇਹ ਡਰ ਸਾਡੇ ਅੰਦਰ ਕੁੱਟ ਕੁੱਟ ਕੇ ਭਰ ਦਿੱਤਾ ਹੈ। ਅਸੀਂ ਡਰ ਦੇ ਮਾਰੇ ਵਾਹੋ ਦਾਹੀ ਦੌੜ ਰਹੇ ਹਾਂ। ਹੁਣ ਬਜ਼ਾਰ ਹੀ ਸਾਨੂੰ ਦੱਸਦਾ ਹੈ ਕਿ ਅਸੀਂ ਕੀ ਪਾਉਣਾ, ਕਿਹੋ ਜਿਹਾ ਪਾਉਣਾ ਹੈ, ਕਿੱਥੇ ਕੀ ਨਹੀਂ ਪਾਉਣਾ। ਇਸੇ ਲਈ ਅਸੀਂ ਅਕਸਰ ਹੀ ਚੰਗੇ ਹੋਣ ਦਾ ਢੌਂਗ ਕਰਦੇ ਹਾਂ। ਅਸੀਂ ਚੰਗਾ ਕਰਨ ਲਈ ਕੁਝ ਨਹੀਂ ਕਰਦੇ ਸਗੋਂ ਬਜ਼ਾਰ ਲਈ ਉਹ ਸਭ ਕੁਝ ਕਰਦੇ ਹਾਂ ਜਿਸ ਪਾਸਿਓਂ ਸਾਡੀ ਬਚੀ ਖੁਚੀ ਜ਼ਮੀਰ ਕਦੇ ਕਦਾਈਂ ਹੀ ਸਾਨੂੰ ਰੋਕਦੀ ਤੇ ਟੋਕਦੀ ਹੈ। ਅਸੀਂ ਬੋਲ਼ੇ ਬੰਦੇ ਵਾਂਝੂ ਚੁੱਪ ਵੱਟ ਲੈਂਦੇ ਹਾਂ। ਸਾਡੀ ਇਹੀ ਚੁੱਪ ਸਾਡੇ ਅੰਦਰਲੇ ਸ਼ੋਰ ਨੂੰ ਸ਼ਾਂਤ ਕਰਦੀ ਹੈ। ਅਸੀਂ ਇਸ ਲਈ ਚੁੱਪ ਰਹਿੰਦੇ ਹਾਂ ਕਿ ਅਸਾਂ ਇਸ ਵਿੱਚੋਂ ਕੀ ਲੈਣਾ ਹੈ। ਅਸੀਂ ਤਾਂ ਮਸਤ ਹਾਥੀ ਵਾਂਝੂ ਤੁਰੇ ਜਾ ਰਹੇ ਹਾਂ। ਸਾਡੀਆਂ ਅੱਖਾਂ 'ਤੇ ਰੰਗ ਬਿਰੰਗੇ ਖੋਪੇ ਚਾੜ੍ਹ ਦਿੱਤੇ ਗਏ ਹਨ, ਇਸੇ ਕਰਕੇ ਸਾਨੂੰ ਬਾਜ਼ਾਰ ਦੀਆਂ ਰੰਗੀਨੀਆਂ ਤੋਂ ਬਿਨਾਂ ਕੁੱਝ ਦਿਖਾਈ ਨਹੀਂ ਦਿੰਦਾ। ਅਸੀਂ ਉਹ ਕੁੱਝ ਦੇਖਣਾ ਪਸੰਦ ਕਰਦੇ ਹਾਂ, ਜਿਸ ਵਿੱਚੋਂ ਮੁਨਾਫ਼ਾ ਮਿਲੇ। ਉਂਞ ਅਸੀਂ ਮੁਨਾਫ਼ਾਖੋਰ ਅਖਵਾਉਣੋਂ ਬਚਣ ਲਈ ਚਿਹਰੇ 'ਤੇ ਮਖੌਟੇ ਚਾੜ੍ਹ ਲੈਂਦੇ ਹਾਂ। ਲੋਕ ਹਰ ਥਾਂ ਆਪਣੀ ਮਰਜ਼ੀ ਦਾ ਨਹੀਂ ਸਗੋਂ ਅਗਲੇ ਦੀ ਮਰਜ਼ੀ ਦਾ ਮੁਖੌਟਾ ਲਾਉਂਦੇ ਹਨ। ਇਸੇ ਕਰਕੇ ਬਾਜ਼ਾਰ ਵਿੱਚ ਲੋਕਾਂ ਦੇ ਚਿਹਰੇ ਪੜ੍ਹੇ ਹੀ ਨਹੀਂ ਜਾ ਸਕਦੇ। ਜਦੋਂ ਤੱਕ ਸਾਨੂੰ ਮੁਖੌਟਿਆਂ ਹੇਠ ਲੁਕੇ ਚਿਹਰਿਆਂ ਨੂੰ ਪੜ੍ਹਨ ਦੀ ਜਾਚ ਨਹੀਂ ਆਉਂਦੀ, ਸਮਾਂ ਸਾਡੇ ਹੱਥੋਂ ਕਿਰਦਾ ਜਾਏਗਾ। ਇਹ ਕਿਰ ਰਿਹਾ ਸਮਾਂ ਸਾਡੇ ਹੱਥਾਂ ਦੇ ਤੋਤੇ ਉਡਾ ਦਿੰਦਾ ਹੈ। ਉੱਡ ਗਏ ਤੋਤੇ ਕਦੇ ਵਾਪਸ ਨਹੀਂ ਪਰਤਦੇ। ਤੋਤਿਆਂ ਨੂੰ ਬਾਗ਼ ਬਥੇਰੇ ਹੁੰਦੇ ਹਨ। ਅਸੀਂ ਲੁੱਟੇ ਜੁਆਰੀਏ ਵਾਂਝੂ ਹੱਥ ਮਲ਼ਦੇ ਰਹਿ ਜਾਂਦੇ ਹਾਂ। ਉਦੋਂ ਸਾਡੇ ਕੋਲ਼ ਸਹਾਰੇ ਲਈ ਕੋਈ ਮੋਢਾ ਵੀ ਨਹੀਂ ਹੁੰਦਾ ਜਿਸ ਉਪਰ ਸਿਰ ਰੱਖ ਕੇ ਘੜੀ-ਪਲ ਰੋ ਸਕੀਏ। ਉਂਞ ਹੁਣ ਰੋਣਾ ਤਾਂ ਸਾਨੂੰ ਭੁੱਲ ਹੀ ਗਿਆ ਹੈ। ਹੱਸਣਾ ਸਾਨੂੰ ਆਉਂਦਾ ਨਹੀਂ । ਜੇ ਅਸੀਂ ਹੱਸਣ ਲੱਗ ਪਏ ਤਾਂ ਕਈ ਸਵਾਲ ਖੜੇ ਹੋ ਜਾਣਗੇ। ਫਿਰ ਸਵਾਲਾਂ ਦੇ ਉੱਤਰ ਦੇਣ ਲਈ ਮਖੌਟਿਆਂ ਦਾ ਸਹਾਰਾ ਲੈਣਾ ਪਵੇਗਾ। ਮੁਖੌਟੇਧਾਰੀਆਂ ਦੀ ਸੋਚ ਬਾਜ਼ਾਰ ਦਾ ਰੁਖ਼ ਵੇਖਕੇ ਬਦਲਦੀ ਰਹਿੰਦੀ ਹੈ। ਬਜ਼ਾਰ ਦਾ ਕਾਰੋਬਾਰ ਵੰਡਣ, ਖਰੀਦਣ ਅਤੇ ਵੇਚਣ ਤੇ ਟਿਕਿਆ ਹੁੰਦਾ ਹੈ। ਇੱਕੋ ਇੱਕ ਮਕਸਦ ਹੁੰਦਾ ਮੁਨਾਫ਼ਾ ਕਮਾਉਣਾ। ਅਜਿਹੇ ਲੋਕ ਧਰਮ, ਨਸਲ, ਜਾਤ, ਰੰਗ-ਭੇਦ ਦਾ ਮੁਖੌਟਾ ਪਾਉਂਦੇ ਹਨ ਤੇ ਸਾਡੀ ਖ਼ਸਲਤ ਨਾਲ਼ ਢੁੱਕਦੇ ਅਰਥ ਕਰਕੇ ਸਮਝਾਉਂਦੇ ਹਨ। ਇਸ ਵਾਰ ਮਖੌਟਾਧਾਰੀਆਂ ਨੇ ਅਜਿਹਾ ਹੀ ਮਖੌਟਾ ਪਾ ਕੇ ਸਾਨੂੰ ਭੇਡਾਂ ਵਾਂਝੂ ਆਪਣੇ ਮਗਰ ਲਾਇਆ। ਭੇਡਾਂ ਦੀ ਆਪਣੀ ਕੋਈ ਸੋਚ ਸਮਝ ਨਹੀਂ ਹੁੰਦੀ। ਉਹਨਾਂ ਦੀ ਇੱਕੋ ਇੱਕ ਮੰਜ਼ਿਲ ਹੁੰਦੀ ਹੈ ਖੁਰਲੀ, ਜਿੱਥੇ ਉਹਨਾਂ ਵੰਡ-ਵੜੇਵਾਂ ਛਕਣਾ ਹੁੰਦਾ ਹੈ ਜਾਂ ਫ਼ਿਰ ਕਿਸੇ ਧਾਰਾ ਅਧੀਨ ਕਿਸੇ ਕਾਲ ਕੋਠੜੀ ਵਿੱਚ ਕਿੰਨੇ ਦਿਨ ਗੁਜਾਰਨੇ ਹਨ ਤੇ ਕਦੋਂ ਕਾਲ ਕੋਠੜੀ ਤੋਂ ਫ਼ਾਂਸੀ ਦੇ ਤਖਤ ਤੱਕ ਪੁੱਜਣਾ ਹੈ। ਇਹ ਉਹ ਫ਼ਾਂਸੀ ਦਾ ਤਖਤਾ ਨਹੀਂ, ਜਿਹੜਾ ਹਕੂਮਤਾਂ ਦੀਆਂ ਜੜ੍ਹਾਂ ਹਿਲਾਉਂਦਾ ਹੈ। ਸਗੋਂ ਇਹ ਉਹ ਤਖ਼ਤਾ ਹੈ ਜਿਹੜਾ ਤਖ਼ਤ ਵਾਲਿਆਂ ਨੂੰ ਮੁਖੌਟੇਧਾਰੀ ਬਣੇ ਰਹਿਣ ਦਾ ਵਾਰ ਵਾਰ ਸਮਾਂ ਦਿੰਦਾ ਹੈ। ਅਸੀਂ ਖਾਣਾ ਕੀ ਹੈ, ਪੀਣਾ ਕੀ ਹੈ? ਤੇ ਕਿਵੇਂ ਮਰਨਾ ਹੈ ? ਅੱਜ ਕੱਲ੍ਹ ਸਾਨੂੰ ਬਜ਼ਾਰ ਹੀ ਤਾਂ ਦੱਸਦਾ ਹੈ। ਅਸੀਂ ਜਿਊਂਦਿਆਂ ਵਿੱਚ ਨਹੀਂ ਆਉਂਦੇ, ਲੁਹਾਰ ਦੀ ਧੌਂਕਣੀ ਵਾਂਝੂ ਸਿਰਫ਼ ਸਾਹ ਲੈਂਦੇ ਹਾਂ। ਉਸ ਹਵਾ ਵਿੱਚ ਸਾਹ ਲੈਂਦੇ ਹਾਂ ਜਿਸ ਵਿੱਚ ਇਹਨਾਂ ਮੁਖੌਟੇਧਾਰੀਆਂ ਨੇ ਜ਼ਹਿਰ ਰਲ਼ਾ ਦਿੱਤੀ ਹੈ। ਸਾਨੂੰ ਸਵਰਗ ਦੇ ਸੁਪਨਿਆਂ ਮਗਰ ਲਾ ਦਿੱਤਾ ਹੈ। ਅਸੀਂ ਸੁਪਨਿਆਂ ਵਿੱਚ ਜਿਉਂਦੇ ਹਾਂ ਤੇ ਹਕੀਕਤ ਵਿੱਚ ਮਰਦੇ ਹਾਂ। ਇਸੇ ਕਰਕੇ ਅੱਜਕੱਲ੍ਹ ਮਾਰ ਦਿੱਤੇ ਗਿਆਂ ਤੇ ਮਰ ਗਿਆਂ ਨੂੰ ਕੋਈ ਯਾਦ ਨਹੀਂ ਕਰਦਾ। ਕਿਉਂਕਿ ਉਨ੍ਹਾਂ ਨੂੰ ਕੋਈ ਯਾਦ ਤਾਂ ਹੀ ਕਰੇਗਾ, ਜੇ ਕੋਈ ਭੁੱਲਿਆ ਹੋਵੇਗਾ। ਇਸ ਲਈ ਹੱਸਣ ਨਾਲ਼ੋਂ ਰੋਣਾ ਚੰਗਾ ਹੈ। ਰੋਂਦਿਆਂ ਨੂੰ ਵੇਖ ਕੋਈ ਤਰਸ ਖਾ ਕੇ ਸਾਡੇ ਹੰਝੂ ਪੂੰਝ ਦੇਵੇਗਾ। ਇਸ ਲਈ ਰਾਸ਼ਟਰਵਾਦ ਦੇ ਨਾਂ ਉੱਤੇ ਜਿੰਨਾਂ ਤੁਸੀਂ ਰੋਵੋਂਗੇ, ਓਨਾਂ ਹੀ ਤੁਹਾਡਾ ਕਥਾਰਥ ਹੋਵੇਗਾ। ਤੁਹਾਨੂੰ ਮੁਕਤੀ ਮਿਲ਼ ਸਕਦੀ ਹੈ। ਮੁਕਤੀ ਲੈਣ ਲਈ ਰੋਣਾ ਬਹੁਤ ਜ਼ਰੂਰੀ ਹੈ। ਮੁਕਤੀ ਸੰਘਰਸ਼ ਕਰਨ ਨਾਲ਼ ਨਹੀਂ ਮਿਲਦੀ, ਸਗੋਂ ਭੇਡਾਂ ਬਣਨ ਨਾਲ਼ ਮਿਲ਼ਦੀ ਹੈ। ਉਹ ਭੇਡਾਂ ਜਿਹੜੀਆਂ ਬਿਨ੍ਹਾਂ ਸੋਚੇ ਵਿਚਾਰੇ ਇੱਕ ਦੂਜੀ ਪਿੱਛੇ ਛਾਲ਼ਾਂ ਮਾਰਦੀਆਂ ਹਨ। ਬੇਵਜ੍ਹਾ ਸਿੰਗ ਮਾਰਕੇ ਇੱਕ ਦੂਜੀ ਦਾ ਢਿੱਡ ਤੇ ਸਿਰ ਪਾੜਦੀਆਂ ਹਨ। ਪਰ ਉਹਨਾਂ ਦੀ ਕਾਮਯਾਬੀ ਤੁਹਾਡੇ ਭੇਡਾਂ ਬਣੇ ਰਹਿਣ ਵਿੱਚ ਹੀ ਹੈ। ਖੈਰ ਗੱਲ ਤਾਂ ਯਾਦਾਂ ਦੀ ਪੰਡ ਦੀ ਸੀ। ਯਾਦਾਂ ਤਾਂ ਹੁਣ ਬਹੁਤ ਬਣ ਗਈਆਂ ਹਨ। ਅਗਲਾ ਸਮਾਂ ਹੁਣ ਯਾਦਗਾਰਾਂ ਬਣਾਉਣ ਤੱਕ ਪੁੱਜਣ ਵਾਲਾ ਹੈ। ਇਸ ਲਈ ਬਹੁਤੇ ਉਦਾਸ ਨਾ ਹੋਵੋ। ਉਦਾਸੀ ਕਿਸੇ ਮਸਲੇ ਦਾ ਹੱਲ ਨਹੀਂ। ਮਸਲਿਆਂ ਦੇ ਹੱਲ ਲਈ ਤੁਹਾਨੂੰ ਵੀ ਮੁਖੌਟਾ ਪਾਉਣਾ ਪਵੇਗਾ। ਬਾਜ਼ਾਰ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣਾ ਪਵੇਗਾ। ਹੁਣ ਡਰਿਆਂ ਤੇ ਮਰਿਆਂ ਮੁਕਤੀ ਨਹੀਂ ਮਿਲਣੀ। ਮੁਕਤੀ ਲਈ ਤਾਂ ਲੜਨਾ ਪੈਣਾ ਹੈ। ਇਸੇ ਲਈ ਤਾਂ ਅਸੀਂ ਉਨ੍ਹਾਂ ਦੇਸ਼ ਭਗਤਾਂ, ਸ਼ਹੀਦਾਂ ਅਤੇ ਯੋਧਿਆਂ ਨੂੰ ਕਦੇ ਭੁੱਲਣਾ ਨਹੀਂ, ਜਿੰਨਾਂ ਨੇ ਸਾਡੇ ਲਈ ਅਣਖ਼ ਨਾਲ਼ ਜਿਉਣ ਦਾ ਸੁਪਨਾ ਸਿਰਜਿਆ ਸੀ ਤੇ ਖੁਦ ਸ਼ਹੀਦ ਹੋ ਗਏ ਸਨ ਪਰ ਅਸੀਂ ਕੀ ਕਰ ਰਹੇ ਹਾਂ ? ਕਿਹੜੀ ਜੰਗ ਲੜ੍ਹ ਰਹੇ ਹਾਂ? ਕੀ ਸਾਡੀ ਜੰਗ ਕਦੇ ਮੁਖੌਟਾਧਾਰੀਆਂ ਦੀਆਂ ਕਰਤੂਤਾਂ, ਰਣਨੀਤੀਆਂ, ਬਦਨੀਤੀਆਂ ਦੇ ਵਿਰੁੱਧ ਵੀ ਹੋਵੇਗੀ? ਜੇ ਜੰਗ ਹੋਣੀ ਹੀ ਹੈ ਤਾਂ ਹੁਣ ਫ਼ੈਸਲਾਕੁੰਨ ਹੀ ਹੋਵੇ, ਨਹੀਂ ਤਾਂ 'ਮਰ ਜਾ ਚਿੜੀਏ, ਜੀ ਪੈ ਚਿੜੀਏ' ਵਰਗੀਆਂ ਬਹੁਤ ਜੰਗਾਂ ਹੋ ਗਈਆਂ। ਹੁਣ ਤੇ ਆਰ ਪਾਰ ਦੀ ਜੰਗ ਦੀ ਲੋੜ ਹੈ। ਲੋੜ ਕਾਢ ਦੀ ਮਾਂ ਹੈ ਪਰ ਮੁਖੌਟਾਧਾਰੀ ਹਾਕਮ ਨੇ ਸਾਨੂੰ ਗਊ ਨੂੰ ਮਾਂ ਆਖਣ ਲਾ ਦਿੱਤਾ ਤੇ ਕੁਰਬਾਨੀਆਂ ਦੇਣ ਵਾਲ਼ਿਆਂ ਨੂੰ ਸ਼ੂਦਰ ਕਹਿਕੇ ਹਾਸ਼ੀਏ ਤੇ ਧੱਕ ਦਿੱਤਾ। ਹੁਣ ਸਾਨੂੰ ਸਿਆਣੇ ਬਜ਼ੁਰਗਾਂ ਦੀ ਸੰਗਤ ਕਰਨ ਦੀ ਲੋੜ ਹੈ, ਜਿਹਨਾਂ ਨਾਲ਼ ਉੱਠਣਾ, ਬੈਠਣਾ ਅਸੀਂ ਭੁੱਲ ਗਏ ਹਾਂ .... ! ਸਮਾਂ ਅਜਿਹਾ ਆਇਆ ਗਿਆ ਐ ਕਿ ਹੁਣ ਤਾਂ ਕੁੱਝ ਮਤਬਲੀ ਲੋਕ ਆਪਣਿਆਂ ਨੂੰ ਜਿਉਦੇ ਜੀਅ ਭੁੱਲ ਜਾਂਦੇ ਹਨ। ਆਪਣੇ ਹੀ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਖੁਦ ਛੱਡ ਆਉਂਦੇ ਹਨ। ਫੇਰ ਮਰ ਗਿਆ ਦੇ ਮੂੰਹ ਵਿੱਚ ਦੇਸੀ ਘਿਓ ਪਾਉਂਦੇ ਹਨ। ਮਾਪਿਆਂ ਨੂੰ ਵੱਡਾ ਕਰਨ ਲਈ ਪਖੰਡ ਕਰਦੇ ਹਨ। ਕਿਸੇ ਦਾ ਸਤਿਕਾਰ ਪੈਰੀਂ ਹੱਥ ਲਾ ਕੇ ਨਹੀਂ ਹੁੰਦਾ ਜੇ ਮਨ ਵਿੱਚ ਇੱਜ਼ਤ ਨਾ ਹੋਵੇ। ਤਨ ਤੇ ਮਨ ਵਿਚਲਾ ਪਿਆਰ ਹੀ ਸਦੀਵੀ ਹੁੰਦਾ ਹੈ। ਲੋਕ ਵਿਖਾਵਾ ਕਰਨ ਨਾਲ ਪਿਆਰ ਨੂੰ ਬਚਾਇਆ ਨਹੀਂ ਜਾ ਸਕਦਾ। ਕਿਸੇ ਆਪਣੇ ਨੂੰ ਭੁੱਲ ਜਾਣਾ ਸੌਖਾ ਨਹੀਂ ਹੁੰਦਾ ਪਰ ਲੋਕ ਬਦਲ ਮਿਲਣ ਉਤੇ ਸਭ ਕੁੱਝ ਕਿਵੇਂ ਭੁੱਲ ਜਾਂਦੇ ਹਨ? ਪੰਜਾਬੀ ਦਾ ਰੁਦਨ ਸਾਹਿਤ ਇਸਦੀ ਤਰਜਮਾਨੀ ਕਰਦਾ ਐ। ਇਹੋ ਜਿਹੀਆਂ ਰਚਨਾਵਾਂ ਸਮਾਜ ਵਿੱਚ ਖਲਾਅ ਪੈਦਾ ਕਰਦੀਆਂ ਹਨ। ਇਹ ਖਲਾਅ ਪੈਦਾ ਕਰਨ ਵਾਲਿਆਂ ਦਾ ਲਗਾਤਾਰ ਵਾਧਾ ਹੋਇਆ ਐ, ਜੋ ਸਮਾਜ ਲਈ ਖਤਰੇ ਦੀ ਘੰਟੀ ਐ। ਪੰਜਾਬ ਬੌਧਿਕ ਸੰਕਟ ਦਾ ਸ਼ਿਕਾਰ ਹੋ ਗਿਆ ਹੈ। ਆਪੋ ਧਾਪੀ ਦਾ ਦੌਰ ਜਾਰੀ ਹੈ। ਪੰਜਾਬ ਨਾਇਕ ਵਿਹੂਣਾ ਹੋ ਗਿਆ ਹੈ। ਖਲਨਾਇਕਾਂ ਦਾ ਹੜ੍ਹ ਆਇਆ ਹੋਇਆ ਹੈ, ਸਿਆਸੀ ਪਾਰਟੀਆਂ ਵਿੱਚ ਸੱਤਾ ਨੂੰ ਹਥਿਆਉਣ ਦੀ ਮੁਕਾਬਲੇਬਾਜ਼ੀ ਵਧਦੀ ਜਾ ਰਹੀ ਹੈ। ਪ੍ਰਧਾਨਾਂ ਦੀ ਭੀੜ੍ਹ ਵਧਦੀ ਜਾ ਰਹੀ ਹੈ। ਲੋਕ ਤਮਾਸ਼ਬੀਨ ਬਣੇ ਹੋਏ ਹਨ। ਡੀਪ ਸਟੇਟ ਆਪਣੇ ਘਰਾਂ ਵਿੱਚ ਵੜ ਗਈ ਹੈ। ਬੌਧਿਕ ਕੰਗਾਲੀ ਸਾਨੂੰ ਦਿਸ਼ਾ ਹੀਣ ਰਾਹਾਂ ਵੱਲ ਧਕੇਲ ਰਹੀ ਹੈ। ਕਿਧਰੇ ਕੋਈ ਮਰਦ ਅਗੰਮੜਾ ਵਰਿਆਮ ਅਕੇਲਾ ਨਜ਼ਰ ਨਹੀਂ ਆਉਂਦਾ। ਕੀ ਬਣੇਗਾ ਪੰਜਾਬ ਦਾ ਭਵਿੱਖ ਇਹ ਤਾਂ ਡੀਪ ਸਟੇਟ ਜਾਣਦੀ ਹੈ ਪਰ ਅਸੀਂ ਗਾਂਧੀ ਦੇ ਬਾਂਦਰ ਬਣ ਕੇ ਰਹਿ ਗਏ ਹਾਂ। ਚੌਥਾ ਬਾਂਦਰ ਮੋਬਾਇਲ ਫੋਨ ਆਇਆ ਹੈ, ਜਿਸਨੇ ਸਭ ਕੁੱਝ ਤਬਾਹ ਕਰ ਕੇ ਰੱਖ ਦਿੱਤਾ ਹੈ। ਭਾਈ ਮੰਨਾ ਸਿੰਘ ਕੂਕਦਾ ਹੈ, ਲੋਕੋ ਜਾਗੋ, ਉੱਠੋ ਪੰਜਾਬੀਓ ਤੁਹਾਨੂੰ ਸੁਚੇਤ ਹੋਣ ਦੀ ਲੋੜ ਹੈ।



ਬੁੱਧ ਸਿੰਘ ਨੀਲੋਂ
94643 70823

# ਕਥਨ ਤੋਂ ਕਰਮ ਭਲਾ



ਪੰਜਾਬੀ ਵਿੱਚ ਬਹੁਤ ਸਾਰੀਆਂ ਕਹਾਵਤਾਂ ਪ੍ਰਸਿੱਧ ਹਨ ਜਿਨਾਂ ਵਿੱਚੋਂ ਇੱਕ ਕਹਾਵਤ ਹੈ (Action speaks louder than words) ਸਾਡੇ ਕੰਮ ਸਾਡੇ ਸ਼ਬਦਾਂ ਨਾਲੋਂ ਵੱਧ ਮਹੱਤਵਪੂਰਨ ਹਨ ਇਹ ਕਹਾਵਤ ਪੰਜਾਬੀ ਦੀਆਂ ਬਹੁਤ ਸਾਰੀਆਂ ਕਹਾਵਤਾਂ ਵਾਂਗ ਸਾਡੀ ਜ਼ਿੰਦਗੀ ਵਿੱਚ ਬਹੁਤ ਸਿੱਖਿਆਦਾਇਕ ਅਤੇ ਕੀਮਤੀ ਗਿਆਨ ਦੇਣ ਵਾਲੀ ਹੈ। ਇਸ ਕਹਾਵਤ ਦਾ ਮਤਲਬ ਹੈ ਅਸੀਂ ਜੋ ਵੀ ਕਰਦੇ ਹਾਂ ਉਸਦਾ ਲੋਕਾਂ ਤੇ ਕਹਿਣ ਨਾਲੋਂ ਵਧੇਰੇ ਪ੍ਰਭਾਵ ਪੈਂਦਾ ਹੈ ਭਾਵ ਜੋ ਅਸੀਂ ਬੋਲਦੇ ਹਾਂ, ਲੋਕ ਉਸ ਤੇ ਨਹੀਂ, ਪਰ ਜੋ ਅਸੀਂ ਕਰਦੇ ਹਾਂ ਸਾਰੇ ਲੋਕ ਉਸ ਤੇ ਵਿਸ਼ਵਾਸ ਕਰਦੇ ਹਨ। ਇਹ ਗਿਆਨ ਕਿਸੇ ਵੀ ਸੰਸਥਾ ਤੋਂ ਨਹੀਂ ਬਲਕਿ ਆਪਣੇ ਆਪ ਤੋਂ ਕਰਕੇ ਦਿਖਾਉਣ 'ਚ ਹੈ। ਅਕਸਰ ਹੀ ਅਸੀਂ ਦੇਖਦੇ ਹਾਂ ਅਸੀਂ ਕਹਿੰਦੇ ਕੁਝ ਹਾਂ ਅਤੇ ਕਰਦੇ ਕੁਝ ਹੋਰ ਹਾਂ, ਕਰਮ ਚੰਗਾ ਵੀ ਹੋ ਸਕਦਾ ਹੈ ਮਾੜਾ ਵੀ ਹੋ ਸਕਦਾ ਹੈ ਉਹੀ ਸਾਡੀਆਂ ਭਾਵਨਾਵਾਂ ਅਤੇ ਇਛਾਵਾਂ ਨੂੰ ਦਰਸਾਉਂਦਾ ਹੈ ਅਤੇ ਉਸੇ ਤਰ੍ਹਾਂ ਦਾ ਅਕਸ ਸਮਾਜ ਵਿੱਚ ਸਾਡਾ ਬਣ ਜਾਂਦਾ ਹੈ॥ ਜਿਹੜੀਆਂ ਚੀਜ਼ਾਂ ਅਸੀਂ ਕਰਦੇ ਹਾਂ ਉਨ੍ਹਾਂ ਵਿੱਚ ਸਾਡੇ ਕਹਿਣ ਨਾਲੋਂ ਕਿਤੇ ਵੱਧ ਬੋਲਣ ਦੀ ਸਮਰੱਥਾ ਹੁੰਦੀ ਹੈ ਜੋ ਲੋਕ ਕਰਮ ਦਿਖਾਉਂਦੇ ਹਨ ਅਤੇ ਘੱਟ ਬੋਲਦੇ ਹਨ ਉਹ ਅਸਲ ਵਿਚ ਆਦਰਸ਼ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੂੰ ਵੱਡੇ ਕੰਮ ਅਤੇ ਮਹੱਤਵਪੂਰਨ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ। ਇੱਕ ਸਫਲ ਪੇਸ਼ੇਵਰ ਜੀਵਨ ਦਾ ਸਭ ਤੋਂ ਮਹੱਤਵਪੂਰਨ ਮਾਪਦੰਡ ਤੁਹਾਡੇ ਉੱਚ ਅਧਿਕਾਰੀਆਂ ਅਤੇ ਸਾਥੀਆਂ ਦਾ ਵਿਸ਼ਵਾਸ਼ ਹਾਸਲ ਕਰਨਾ ਹੈ ਅਤੇ ਇਹ ਸਿਰਫ ਤੁਹਾਡੇ ਕੰਮਾਂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਨਾ ਕਿ ਵੱਡੇ ਸ਼ਬਦਾਂ ਨਾਲ। ਤੁਹਾਡੇ ਸਾਰੇ ਦਾਅਵੇ ਬੇਕਾਰ ਹੋ ਜਾਣਗੇ ਅਤੇ ਲੋਕ ਇਸ 'ਤੇ ਹੱਸਣਗੇ ਜੇਕਰ ਤੁਹਾਡੀ ਕਾਰਵਾਈ ਮਿਆਰੀ ਨਹੀਂ ਹੈ। ਲੋੜ ਤੋਂ ਵੱਧ ਕਦੇ ਨਾ ਬੋਲਣਾ ਅਕਲਮੰਦੀ ਦੀ ਗੱਲ ਹੈ ਜੋ ਤੁਸੀਂ ਅਸਲ ਵਿੱਚ ਪ੍ਰਦਰਸ਼ਨ ਕਰ ਸਕਦੇ ਹੋ। ਸ਼ਬਦਾਂ ਨੂੰ ਅਸਲ ਪਹਿਰਾਵਾ ਤੁਹਾਡੇ ਸਹੀ ਕੰਮਾਂ ਨਾਲ ਹੀ ਮਿਲਣਾ ਹੈ।

*ਬੋਲਾ ਦੀ ਮਹੱਤਤਾ* -ਇਹ ਵੀ ਸੱਚਾਈ ਹੈ ਕਿ ਸਾਡੇ ਦੁਆਰਾ ਵਰਤੀ ਗਈ ਖੂਬਸੂਰਤ ਸ਼ਬਦਾਵਲੀ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ, ਪ੍ਰੇਰਿਤ ਕਰਦੀ ਹੈ ਅਤੇ ਇਹੀ ਸਾਨੂੰ ਸਾਡੇ ਸਮਾਜ ਨਾਲ ਜੋੜਦੀ ਵੀ ਹੈ ਬਿਨਾਂ ਸ਼ਬਦਾਂ ਦੇ ਕੰਮਾਂ ਵਿੱਚ ਵੀ ਖਾਲੀਪਨ ਆਉਂਦਾ ਹੈ। ਸਾਡੀ ਬੋਲੀ ਹੀ ਸਾਡੇ ਸ਼ਖਸ਼ੀਅਤ ਅਤੇ ਆਚਰਨ ਤੋਂ ਜਾਣੂ ਕਰਵਾਉਂਦੀ ਹੈ। ਜੇਕਰ ਸਾਡੇ ਬੋਲਾਂ ਵਿੱਚ ਕੜਵਾਪਣ ਹੈ ਤਾਂ ਸੁਣਨ ਵਾਲਾ ਸੁਣਦੇ ਸਾਰ ਹੀ ਭਟਕ ਜਾਵੇਗਾ, ਜੇਕਰ ਸਾਡੇ ਬੋਲਾਂ ਵਿੱਚ ਨਜ਼ਾਕਤ ਹੈ ਤਾਂ ਸਾਰੇ ਸਾਡੇ ਪ੍ਰਸ਼ੰਸਕ ਬਣ ਜਾਣਗੇ। ਕੁਝ ਕਰਕੇ ਦਿਖਾਣਾ ਤਾਂ ਬਾਅਦ ਦੀ ਗੱਲ ਹੈ ਬੋਲਣਾ ਪਹਿਲਾਂ ਸਾਡੇ ਬੋਲ ਹੀ ਦੂਜਿਆਂ ਨੂੰ ਸਾਡੇ ਦੋਸਤ ਅਤੇ ਦੁਸ਼ਮਣ ਬਣਾਉਂਦੇ ਹਨ। ਬੋਲ ਬਾਣੀ ਦੀ ਤਾਕਤ ਉਸ ਪਰਮਾਤਮਾ ਦਾ ਮਨੁੱਖ ਨੂੰ ਬਹੁਤ ਕੀਮਤੀ ਤੋਹਫ਼ਾ ਹੈ। ਇਸ ਦੀ ਦੁਰਵਰਤੋਂ ਕਰਨ ਨਾਲ ਸਾਡੀ ਸ਼ਖਸ਼ੀਅਤ ਦੀ ਚਮਕ ਖਤਮ ਹੋ ਜਾਂਦੀ ਹੈ।

*ਕਰਮ ਦੀ ਮਹੱਤਤਾ ਬੋਲਾ ਤੋਂ ਜਿਆਦਾ ਕਿਵੇਂ?-* ਸਾਡੇ ਸ਼ਬਦ ਲੋਕਾਂ ਨੂੰ ਕੁਝ ਕੁ ਪਲਾਂ ਲਈ ਸੰਤੁਸ਼ਟੀ ਦਿੰਦੇ ਹਨ ਪਰ ਸਾਡੇ ਕੰਮ ਸਾਡਾ ਵਿਸ਼ਵਾਸ ਬਣਾਉਂਦੇ ਹਨ ਅਤੇ ਸਾਨੂੰ ਸਤਿਕਾਰ ਦਵਾਉਂਦੇ ਹਨ। ਕਰਮ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਸਾਨੂੰ ਤਜ਼ਰਬੇ ਤੇ ਗਿਆਨ ਹਮੇਸ਼ਾ ਲਈ ਦੇ ਜਾਂਦੇ ਹਨ ਜੋ ਸਾਡਾ ਜ਼ਿੰਦਗੀ ਭਰ ਕੰਮ ਆਉਂਦਾ ਹੈ। ਜੇਕਰ ਕੋਈ ਵਿਅਕਤੀ ਪੂਰਾ ਵਿਸ਼ਵਾਸ ਬਣਾ ਕੇ ਉਸ ਕੰਮ ਪ੍ਰਤੀ ਸਮਰਪਿਤ ਹੋ ਕੇ ਲਗਾਤਾਰ ਮਿਹਨਤ ਕਰਦਾ ਹੈ ਤਾਂ ਉਸ ਦੀ ਸਮਾਜ ਵਿੱਚ ਇੱਜਤ ਵੱਧ ਜਾਂਦੀ ਹੈ ਅਤੇ ਉਹ ਸਮਾਜ ਲਈ ਰੋਲ ਮਾਡਲ ਬਣ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀ ਬੋਲ ਬਾਣੀ ਦਾ ,ਸਾਡੇ ਬੋਲਾਂ ਦਾ , ਸਾਡੇ ਲਈ ਬਹੁਤ ਜਿਆਦਾ ਮਹੱਤਵ ਹੈ ਪਰ ਸਾਡੇ ਕੰਮ ,ਸਾਡੇ ਕਰਮ ਹੀ, ਸਾਡੀ ਅਸਲ ਸ਼ਖਸ਼ੀਅਤ ਨੂੰ, ਸਾਡੀ ਸੋਚ ਨੂੰ ਦਰਸਾਉਂਦੇ ਹਨ ਜਿਸ ਦੇ ਨਾਲ ਹੀ ਅਸੀਂ ਸਮਾਜ ਵਿਚ ਸੱਭਿਅਕ ਮਨੁੱਖ ਜਾਂ ਅਸਭਿਅਕ ਕੋਈ ਵੀ ਦਰਜਾ ਪ੍ਰਾਪਤ ਕਰਦੇ ਹਾਂ।

*ਇਸ ਕਹਾਵਤ ਤੇ ਭਾਰਤੀ ਇਤਿਹਾਸ ਖਰਾ* ਜੇਕਰ ਅਸੀਂ ਭਾਰਤੀ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਅਸੀਂ ਕਰਨ ਦੀ ਮਹੱਤਤਾ ਨੂੰ ਬਹੁਤ ਚੰਗੀ ਤਰਾਂ ਸਮਝ ਸਕਦੇ ਹਾਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਮਹਾਨ ਯੋਧਿਆਂ ਨੇ ਆਪਣੇ ਵਿਚਾਰਾਂ ਨੂੰ ਸਿਰਫ ਪ੍ਰਗਟ ਹੀ ਨਹੀਂ ਕੀਤਾ ਬਲਕਿ ਭਾਰਤੀ ਆਜ਼ਾਦੀ ਲਈ ਲੜੇ ਅਤੇ ਇੱਕ ਨਵਾਂ ਰਾਹ ਬਣਾਉਣ ਵਿੱਚ ਸਫਲ ਹੋਏ। ਮਹਾਤਮਾ ਗਾਂਧੀ , ਸੁਭਾਸ਼ ਚੰਦਰ ਬੋਸ, ਪੰਡਿਤ ਨਹਿਰੂ ਜੀ ਸਾਡੇ ਲਈ ਉਦਾਹਰਨਾਂ ਹਨ। ਥਾਮਸ ਐਡੀਸਨ ਅਤੇ ਅਬ੍ਰਾਹਿਮ ਲਿੰਕਨ ਉਹ ਮਹਾਨ ਸ਼ਖਸ਼ੀਅਤਾਂ ਹਨ ਜਿਨਾਂ ਨੇ ਆਪਣੇ ਕੰਮਾਂ ਨਾਲ ਆਪਣੀਆਂ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਬਦਲਿਆ। ਇਹ ਸ਼ਖਸ਼ੀਅਤਾਂ ਅੱਜ ਵੀ ਸਾਡੇ ਲਈ ਰੋਲ ਮਾਡਲ ਹਨ ਸਾਨੂੰ ਵੀ ਆਪਣੇ ਸ਼ਬਦਾਂ ਦੇ ਨਾਲੋਂ ਆਪਣੇ ਕਰਮ ਤੇ ਜਿਆਦਾ ਜ਼ੋਰ ਦੇਣਾ ਚਾਹੀਦਾ ਹੈ। ਉਦਾਹਰਨ ਦੇ ਤੌਰ ਤੇ ਅਸੀਂ ਦੇਸ਼ ਭਗਤੀ ਦੇ ਗੀਤ , ਅਤੇ ਭਾਸ਼ਣ ਦਾ ਬਹੁਤ ਬੋਲਦੇ ਹਾਂ ਪਰ ਸਾਡੇ ਬਹਾਦਰ ਸਿਪਾਹੀ ਹੀ ਦਿਨ ਰਾਤ ਬਾਡਰ ਤੇ ਰਹਿ ਕੇ ਸਾਡੇ ਦੇਸ਼ ਦੀ ਰੱਖਿਆ ਕਰਦੇ ਹਨ। ਇਸੇ ਤਰ੍ਹਾਂ ਦੀਆਂ ਅਨੇਕਾਂ ਉਦਾਹਰਨਾਂ ਨਾਲ ਇਤਿਹਾਸ ਭਰਿਆ ਹੋਇਆ ਹੈ। ਮਿਹਨਤ ਤੇ ਕਰਮ ਦੇ ਨਾਲ ਹੀ ਆਤਮਾ ਦੀ ਸ਼ੁਧੀ ਹੁੰਦੀ ਹੈ ਸਾਡੇ ਵਿਚਾਰਾਂ ਵਿੱਚ ਨਵੀਨਤਾ ਆਉਂਦੀ ਹੈ ਸਾਡੀ ਸ਼ਖਸ਼ੀਅਤ ਵਿੱਚ ਨਿਖਾਰ ਆਉਂਦਾ ਹੈ। ਸਾਡੇ ਲਗਾਤਾਰ ਨਿਰੰਤਰ ਕਰਮ ਹੀ ਹਨ ਜੋ ਸਾਨੂੰ ਜੀਵਨ ਵਿੱਚ ਕੁਰਾਹੇ ਪੈਣ ਤੋਂ ਬਚਾਉਂਦੇ ਹਨ ਅਤੇ ਇੱਕ ਸਫ਼ਲ ਸਭਿਅਕ ਜੀਵਨ ਪ੍ਰਦਾਨ ਕਰਦੇ ਹਨ। *ਸਮਾਜ ਨੂੰ ਸੁਧਾਰਨ ਲਈ ਆਪਣਾ ਸੁਧਾਰ ਜ਼ਰੂਰੀ* ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਾਡੇ ਕਰਮ ਸਾਡੀ ਸ਼ਖਸ਼ੀਅਤ ਨੂੰ ਦਰਸਾਉਂਦੇ ਹਨ ਜੇਕਰ ਅਸੀਂ ਸਮਾਜ ਨੂੰ ਸੁਧਾਰਨਾ ਚਾਹੁੰਦੇ ਹਾਂ ਤਾਂ ਸਾਨੂੰ ਸੱਚਾਈ ਤੇ ਪੂਰੀ ਇਮਾਨਦਾਰੀ ਨਾਲ ਇੱਕਜੁੱਟ ਹੋ ਕੇ ਬਹੁਤ ਵਧੀਆ ਕੰਮ ਕਰ ਦਿਖਾਉਣਾ ਹੈ ਸਾਡੇ ਨਿਰੰਤਰ ਕਰਮ ਹੀ ਹਨ ਜੋ ਜੀਵਨ ਵਿੱਚ ਸਾਨੂੰ ਕੁਰਾਹੇ ਪੈਣ ਤੋਂ ਰੋਕਦੇ ਹਨ ਅਤੇ ਸਭਿਅਕ ਮਨੁੱਖ ਬਣਾਉਂਦੇ ਹਨ ,ਇਸ ਨਾਲ ਸਿਰਫ਼ ਅਸੀਂ ਇਕ ਚੰਗੇ ਨਾਗਰਿਕ ਦਾ ਸਬੂਤ ਹੀ ਨਹੀਂ ਦੇਵਾਂਗੇ ਬਲਕਿ ਸਮਾਜ ਨੂੰ ਸੁਧਾਰਨ ਵਿੱਚ ਸਾਡਾ ਬਹੁਤ ਵੱਡਾ ਯੋਗਦਾਨ ਹੋਵੇਗਾ।

*ਸਿਰਫ਼ ਸ਼ਬਦਾਂ ਨਾਲ ਟੀਚੇ ਨਾ ਰਖਣੇ* ਪਰ ਬਹੁਤੀ ਵਾਰ ਅਸੀਂ ਲੋਕ ਵੱਡੇ ਵੱਡੇ ਟੀਚੇ ਰੱਖ ਕੇ ਅਸੀਂ ਆਪਣੇ ਆਪ ਨੂੰ ਉਹਨਾਂ ਪ੍ਰਤੀ ਵਚਨਬਧ ਕਰਦੇ ਹਾਂ ਪਰ ਜੇਕਰ ਅਸੀਂ ਉਹਨਾਂ ਨੂੰ ਪੂਰਾ ਕਰਨ ਲਈ ਕਰਮ ਨਹੀਂ ਕਰਾਂਗੇ ਤਾਂ ਉਹ ਸਿਰਫ ਗੱਲਾਂ ਅਜਾਈਂ ਰਹਿ ਜਾਣਗੀਆਂ ਇਸ ਲਈ ਸਾਡੇ ਟੀਚਿਆਂ ਨੂੰ ਪੂਰਾ ਕਰਨ ਲਈ, ਜ਼ਿੰਦਗੀ ਵਿੱਚ ਸਫਲ ਹੋਣ ਲਈ, ਸਾਡੇ ਕੰਮ (ਕਿਰਿਆਵਾਂ) ਸ਼ਬਦਾਂ ਨਾਲੋਂ ਜਿਆਦਾ ਮਹੱਤਵਪੂਰਨ ਹਨ। ਅੱਜ ਦਾ ਨੌਜਵਾਨ ਸਫਲਤਾ ਹੋਣਾ ਚਾਹੁੰਦਾ ਹੈ ਪਰ ਉਹ ਮਿਹਨਤ ਨਹੀਂ ਕਰਨਾ ਚਾਹੁੰਦਾ ਕਿਉਂਕਿ ਸਾਡੇ ਮਨ ਵਿੱਚ ਇਹ ਗੱਲ ਵਸ ਚੁੱਕੀ ਹੈ ਕਿ ਕਿਸਮਤ ਦਾ ਹੀ ਮਿਲਣਾ ਹੈ। ਅੰਕੜਿਆਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਅੱਜ ਤੱਕ ਸਿਰਫ਼ 1% ਲੋਕ ਉਹ ਹਨ ਜਿਨਾਂ ਨੂੰ ਮਿਹਨਤ ਤੋਂ ਬਿਨਾਂ ਮਿਲਿਆ ਹੈ। ਬਾਕੀ ਸਾਰਾ ਸੰਸਾਰ ਮਿਹਨਤ ਕਰਕੇ ਸਫਲਤਾਵਾਂ ਨਾਲ ਭਰਿਆ ਪਿਆ ਹੈ। ਮਿਹਨਤ ਕਰਨ ਵਾਲੇ ਹੀ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ ਉਹਨਾਂ ਨੂੰ ਹੀ ਇਤਿਹਾਸ ਯਾਦ ਰੱਖਦਾ ਹੈ ਉਹੀ ਸਮਾਜ ਲਈ ਰੋਲ ਮਾਡਲ ਬਣਦੇ ਹਨ ਬਿਨਾਂ ਮਿਹਨਤ ਦੇ ਟੀਚੇ ਰੱਖਣ ਵਾਲੇ ਮੌਕਾ ਮਿਲਨ ਤੇ ਵੀ ਮੌਕੇ ਗਵਾ ਬੈਠਦੇ ਹਨ ਕਿਉਂਕਿ ਉਹ ਕੰਮ ਕਰਨ ਦੇ ਸਹੀ ਢੰਗ, ਤਜਰਬੇ ਅਤੇ ਗਿਆਨ ਤੋਂ ਸੱਖਣੇ ਹੁੰਦੇ ਹਨ।

* *ਬੱਚੇ ਸਿਰਫ਼ ਉਹੀ ਕਰਦੇ ਹਨ ਜੋ ਦੇਖਦੇ ਹਨ ** -ਜੇਕਰ ਅਸੀਂ ਬੱਚਿਆਂ ਦੇ ਪਾਲਣ ਪੋਸ਼ਣ ਦੀ ਗੱਲ ਕਰੀਏ ਤਾਂ ਸਾਡੇ ਬੱਚੇ ਸਾਡੇ ਸ਼ਬਦਾਂ ਨੂੰ ਨਹੀਂ ਸੁਣਦੇ ਬਲਕਿ ਸਾਡੇ ਵਿਹਾਰ ਦੀ ਨਕਲ ਕਰਦੇ ਹਨ ਸਿਆਣੇ ਕਹਿੰਦੇ ਹਨ ਕਿ ਜੇਕਰ ਤੁਸੀਂ ਆਪਣੇ ਬੱਚਿਆਂ ਦੀ ਕੋਈ ਵੀ ਆਦਤ ਛੁਡਾਉਣਾ ਚਾਹੁੰਦੇ ਹੋ ਤਾਂ ਪਹਿਲਾਂ ਤੁਹਾਨੂੰ ਉਹ ਆਦਤ ਛੱਡਣੀ ਪਏਗੀ ਨਹੀਂ ਤਾਂ ਤੁਹਾਡੇ ਸ਼ਬਦਾਂ ਦਾ ਬੱਚਿਆਂ ਤੇ ਕੋਈ ਅਸਰ ਨਹੀਂ ਹੋਏਗਾ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਬੱਚੇ ਗਲਤ ਆਦਤਾਂ ਵਿੱਚ ਪੈ ਜਾਂਦੇ ਹਨ ਤੇ ਮਾਪੇ ਉਹਨਾਂ ਨੂੰ ਸਜ਼ਾ ਦੇਣ ਦੀਆਂ ਸਿਰਫ਼ ਧਮਕੀਆਂ ਦਿੰਦੇ ਹਨ ਪਰ ਹੌਲੀ ਹੌਲੀ ਫਿਰ ਉਹ ਧਮਕੀਆਂ ਦਾ ਅਸਰ ਕਰਨਾ ਵੀ ਬੰਦ ਕਰ ਦਿੰਦੇ ਹਨ। ਇਸੇ ਤਰ੍ਹਾਂ ਜੇਕਰ ਅਸੀਂ ਬੱਚਿਆਂ ਨੂੰ ਜ਼ਿੰਦਗੀ ਵਿੱਚ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਪਹਿਲਾਂ ਖੁਦ ਅਨੁਸ਼ਾਸ਼ਿਤ ਹੋਣਾ ਪਏਗਾ।ਅਸੀਂ ਜ਼ਿੰਦਗੀ ਦੇ ਕਿਸੇ ਵੀ ਪੜਾਅ ਨੂੰ ਲੈ ਲਈਏ ਇਹ ਕਹਾਵਤ ਹਰ ਪੜਾਅ ਵਿੱਚ ਢੁਕਵੀਂ ਹੈ ਚਾਹੇ ਘਰ ਹੋਵੇ ,ਸਕੂਲ ਹੋਵੇ, ਦਫਤਰ ਹੋਵੇ ਜਾਂ ਸਮਾਜ ਹੋਵੇ , ਸਾਡੇ ਕੰਮ ਹਰ ਥਾਂ ਤੇ ਸ਼ਬਦਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ। ਸਾਰੀ ਕੁਦਰਤ ਨਿਯਮ ਦੇ ਮੁਤਾਬਿਕ ਸਾਰਾ ਦਿਨ ਆਪਣੇ ਕਰਮ ਵਿੱਚ ਲੱਗੀ ਹੋਈ ਹੈ ਜਿਸ ਨਾਲ ਇਹ ਸੰਸਾਰ ਚੱਲ ਰਿਹਾ ਹੈ ਅਤੇ ਅਸੀਂ ਬਿਨਾਂ ਕਰਮ ਕੀਤਿਆਂ ਕਿਸ ਤਰਾਂ ਆਪਣੀ ਜ਼ਿੰਦਗੀ ਨੂੰ ਸਫਲਤਾ ਪੂਰਵਕ ਚਲਾ ਸਕਦੇ ਹਾਂ। ਸਾਡੇ ਮਾਪੇ ਬਿਨਾਂ ਕਿਸੇ ਸ਼ਬਦਾਵਲੀ ਦੇ ਹਮੇਸ਼ਾ ਆਪਣੇ ਬੱਚੇ ਦੇ ਵਧੀਆ ਖਾਣ ਪੀਣ , ਵਧੀਆ ਪਹਿਨਣ ਅਤੇ ਵਧੀਆ ਜ਼ਿੰਦਗੀ ਦੀਆਂ ਦੇ ਹਰ ਸੰਭਵ ਉਪਰਾਲੇ ਕਰਦੇ ਹਨ। ਇਹ ਇਸ ਕਹਾਵਤ ਦੀ ਸਭ ਤੋਂ ਉੱਤਮ ਉਦਾਹਰਣ ਹੈ।

*ਰਿਸ਼ਤਿਆਂ 'ਚ ਕਰਮ ਦੀ ਮਹੱਤਤਾ* -ਅੱਜ ਦੇ ਸਮੇਂ ਵਿੱਚ ਰਿਸ਼ਤੇ ਫਿੱਕੇ ਅਤੇ ਬੌਣੇ ਹੋ ਗਏ ਹਨ ਕਿਉਂਕਿ ਇਹ ਸਿਰਫ਼ ਬੋਲਾਂ ਤੱਕ ਹੀ ਸੀਮਿਤ ਰਹਿ ਗਏ ਹਨ। ਸਾਡੇ ਬੋਲ ਸਾਡੇ ਮਿੱਠੇ ਸ਼ਬਦ ਸਾਨੂੰ ਸਾਡੇ ਰਿਸ਼ਤਿਆਂ ਦੇ ਨਾਲ ਜੋੜ ਕੇ ਰੱਖਦੇ ਹਨ ਪਰ ਕਿਸੇ ਵੀ ਰਿਸ਼ਤੇ ਵਿੱਚ ਬੋਲ ਕੇ ਵਿਸ਼ਵਾਸ ਦਵਾਉਣ ਨਾਲ ਕੋਈ ਵੀ ਰਿਸ਼ਤਾ ਬਹੁਤਾ ਲੰਬਾ ਸਮਾਂ ਨਹੀਂ ਚੱਲ ਸਕਦਾ ਉਸ ਰਿਸ਼ਤੇ ਨੂੰ ਬਣਾਈ ਰੱਖਣ ਦੇ ਲਈ ਸਾਡੇ ਹਿੱਸੇ ਦਾ ਕਰਮ ਨਿਰੰਤਰ ਸਾਨੂੰ ਕਰਨਾ ਚਾਹੀਦਾ ਹੈ ।ਠੋਸ ਰਿਸ਼ਤੇ ਬਣਾਉਣ ਵਿੱਚ ਕਿਰਿਆਵਾਂ ਹੀ ਮਾਇਨੇ ਰੱਖਦੀਆਂ ਹਨ। ਹਰ ਕੋਈ ਸ਼ੇਖੀਆਂ ਤਾਂ ਮਾਰ ਸਕਦਾ ਹੈ ਪਰ ਉਸਨੂੰ ਕਰਮ ਵਿੱਚ ਤਬਦੀਲ ਕਰਨ ਦੀ ਸ਼ਕਤੀ ਹਰ ਇਨਸਾਨ ਵਿੱਚ ਨਹੀਂ ਹੁੰਦੀ , ਜੋ ਵਿਅਕਤੀ ਜਿੰਨਾ ਜਿੰਨਾ ਯੋਗਦਾਨ ਦਿੰਦਾ ਹੈ ਉਨੀ ਹੀ ਉਸ ਰਿਸ਼ਤੇ ਦੀ ਉਮਰ ਹੁੰਦੀ ਹੈ ਅਤੇ ਉਸੇ ਤਰ੍ਹਾਂ ਦਾ ਅਕਸ ਉਸ ਦਾ ਸਮਾਜ ਵਿੱਚ ਬਣ ਜਾਂਦਾ ਹੈ।

*ਲੀਡਰਸ਼ਿਪ ਵਿੱਚ ਇਸ ਕਹਾਵਤ ਦੀ ਮਹੱਤਤਾ* -ਜੇਕਰ ਅਸੀਂ ਲੀਡਰ ਸ਼ਿਪ ਦੀ ਗੱਲ ਕਰੀਏ ਤਾਂ ਲੋਕ ਉਹਨਾਂ ਲੀਡਰਾਂ ਨੂੰ ਯਾਦ ਕਰਦੇ ਹਨ ਜਿਨਾਂ ਨੇ ਕੋਈ ਕਰ ਵਿਖਾਇਆ ਹੁੰਦਾ ਹੈ ਜਿਨਾਂ ਨੇ ਸਿਰਫ ਦਿਸ਼ਾ ਨਿਰਦੇਸ਼ ਦਿੱਤੇ ਹੁੰਦੇ ਹਨ ਲੋਕ ਉਹਨਾਂ ਦੀ ਪਰਵਾਹ ਨਹੀਂ ਕਰਦੇ। ਇਸੇ ਤਰ੍ਹਾਂ ਸਾਡੇ ਸ਼ਬਦ ਹਮੇਸ਼ਾ ਖੁਸ਼ੀ ਨਹੀਂ ਲਿਆ ਸਕਦੇ ਪਰ ਸਾਡੇ ਕਰਮ ਲੰਬੇ ਸਮੇਂ ਲਈ ਸਾਡੇ ਲਈ ਖੁਸ਼ੀ ਲਿਆ ਸਕਦੇ ਹਨ।

*ਸਿੱਟਾ* - ਇਹ ਗੱਲ ਠੀਕ ਹੈ ਕਿ ਸ਼ਬਦਾਂ ਦਾ ਹੇਰ ਫੇਰ ਕੀਤਾ ਜਾ ਸਕਦਾ ਹੈ ਪਰ ਕਰਮ ਇੱਕ ਅਟੱਲ ਸੱਚਾਈ ਹੈ ਜਿਸ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ, ਇਸ ਲਈ ਸਾਨੂੰ ਸਖ਼ਤ ਅਤੇ ਉੱਚੀ ਸ਼ਬਦ ਬੋਲਣ ਦੀ ਕੀ ਲੋੜ ਹੈ? ਜਦੋਂ ਕਿ ਸਾਡੇ ਕਰਮ ਸਾਡੀ ਸ਼ਖਸ਼ੀਅਤ ਨੂੰ, ਸਾਡੇ ਵਿਹਾਰ ਨੂੰ, ਸਾਡੇ ਦ੍ਰਿਸ਼ਟੀਕੋਣ ਨੂੰ, ਸਾਡੇ ਕੰਮ ਨੂੰ ਵਧੀਆ ਤਰੀਕੇ ਨਾਲ ਦਰਸਾ ਸਕਦੇ ਹਨ। ਇਸ ਲਈ ਚਾਹੇ ਜ਼ਿੰਦਗੀ ਦਾ ਕੋਈ ਵੀ ਪੜਾਅ ਹੋਵੇ ,ਸਾਨੂੰ ਵਧੇਰੇ ਬੋਲਣ ਨਾਲੋਂ ਆਪਣੇ ਕੰਮ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਨਿਰੰਤਰ ਕਰਨ ਨਾਲ ਹੀ ਸਕਾਰਾਤਮਕ ਨਤੀਜੇ ਪ੍ਰਾਪਤ ਕਰ ਸਕਦੇ ਹਾਂ। ਸਮਾਜ ਨੂੰ ਸੋਹਣਾ ਬਣਾਉਣ ਵਿੱਚ ਦੇਸ਼ ਨੂੰ ਸੋਹਣਾ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ।



ਸੋਨੀਆ ਬਜਾਜ, 98785-08400

CANADIAN TRUCK TRAINING CENTRE




ਤਸੱਲੀਬਖਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college, Training Classes for Air Brakes, Dangerous Goods & Log Book


7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# 7 ਫਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ ਪੰਜਾਬ-95

## ਦਿਲਜੀਤ ਨੇ ਕਿਹਾ, 'ਹਾਲਾਤ ਸਾਡੇ ਕੰਟਰੋਲ ਤੋਂ ਬਾਹਰ'




ਦਿਲਜੀਤ ਦੋਸਾਂਝ ਦੇ ਫੈਨਜ਼ ਨੂੰ ਵੱਡਾ ਝਟਕਾ ਲੱਗਾ ਹੈ, ਕਿਉਂਕਿ 7 ਫਰਵਰੀ ਨੂੰ ਦਿਲਜੀਤ ਦੀ ਫਿਲਮ ਪੰਜਾਬ '95 ਨਹੀਂ ਰਿਲੀਜ਼ ਹੋਵੇਗੀ। ਫੈਨਜ਼ ਨੂੰ ਅਜੇ ਹੋਰ ਇੰਤਜ਼ਾਰ ਕਰਨਾ ਪਵੇਗਾ। ਫਿਲਮ ਰਿਲੀਜ਼ ਨਾ ਹੋਣ 'ਤੇ ਗਾਇਕ ਨੇ ਆਪਣਾ ਦੁੱਖ ਜ਼ਾਹਿਰ ਕੀਤਾ ਹੈ। ਉਨ੍ਹਾਂ ਨੇ ਇੰਸਟਾਗ੍ਰਾਮ ਉੱਤੇ ਸਟੋਰੀ ਸ਼ੇਅਰ ਕਰਦੇ ਹੋਏ ਕਿਹਾ ਕਿ ਵਿਦੇਸ਼ 'ਚ ਵੀ ਥਿਏਟਰ 'ਚ ਪੰਜਾਬ '95 ਨਹੀਂ ਲੱਗੇਗੀ। ਇਹ ਦੱਸਦੇ ਹੋਏ ਸਾਨੂੰ ਪੀੜ ਮਹਿਸੂਸ ਹੋ ਰਹੀ ਹੈ ਕਿ 7 ਫਰਵਰੀ ਨੂੰ ਫਿਲਮ ਨਹੀਂ ਰਿਲੀਜ਼ ਹੋਵੇਗੀ। ਕੁਝ ਹਾਲਾਤ ਸਾਡੇ ਕੰਟਰੋਲ ਤੋਂ ਬਾਹਰ ਹਨ। ਦੱਸ ਦੇਈਏ ਕਿ ਦਿਲਜੀਤ ਦੁਸਾਂਝ ਦੀ ਫਿਲਮ ਪੰਜਾਬ '95 ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ। ਦਿਲਜੀਤ ਨੇ ਇਸ ਤੋਂ ਪਹਿਲਾਂ ਫਿਲਮ ਦੀ ਇੱਕ ਤਸਵੀਰ ਸਾਂਝੀ ਕੀਤੀ ਸੀ, 'ਮੈਂ ਹਨੇਰੇ ਨੂੰ ਚੁਣੌਤੀ ਦਿੰਦਾ ਹਾਂ', ਖਾਲੜਾ ਦੀ ਨਿਆਂ ਲਈ ਲੜਾਈ ਦੀ ਸ਼ਕਤੀਸ਼ਾਲੀ ਕਹਾਣੀ ਵੱਲ ਇਸ਼ਾਰਾ ਕਰਦੇ ਹੋਏ ਕੈਪਸ਼ਨ ਦਿੱਤਾ ਸੀ।

# ਅੱਜ ਦਾ ਦਿੱਲੀ ਮਾਰਚ ਰੱਦ

## ਕਿਸਾਨ 26 ਜਨਵਰੀ ਨੂੰ ਕਰਨਗੇ ਟਰੈਕਟਰ ਮਾਰਚ



ਚੰਡੀਗੜ੍ਹ: ਕੇਂਦਰ ਸਰਕਾਰ ਵੱਲੋਂ ਗੱਲਬਾਤ ਦਾ ਸੱਦਾ ਮਿਲਣ ਤੋਂ ਬਾਅਦ 21 ਜਨਵਰੀ ਨੂੰ ਹੋਣ ਵਾਲਾ ਦਿੱਲੀ ਮਾਰਚ ਰੱਦ ਕਰ ਦਿੱਤਾ ਗਿਆ ਹੈ, ਪਰ 26 ਜਨਵਰੀ ਨੂੰ ਹੋਣ ਵਾਲਾ ਟਰੈਕਟਰ ਮਾਰਚ ਤੈਅ ਪ੍ਰੋਗਰਾਮ ਅਨੁਸਾਰ ਹੀ ਕੀਤਾ ਜਾਵੇਗਾ। ਭਾਜਪਾ ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ ਅਤੇ ਦਫ਼ਤਰਾਂ ਅੱਗੇ ਟਰੈਕਟਰ ਖੜ੍ਹੇ ਕੀਤੇ ਜਾਣਗੇ। ਇਹ ਐਲਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੁਪਹਿਰ 12 ਵਜੇ ਤੋਂ 1.30 ਵਜੇ ਤੱਕ ਟਰੈਕਟਰ ਮਾਰਚ ਕੱਢਿਆ ਜਾਵੇਗਾ। ਸ਼ਾਪਿੰਗ ਮਾਲਾਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਗੋਦਾਮਾਂ ਅੱਗੇ ਟਰੈਕਟਰ ਪਾਰਕ ਕਰਕੇ ਵੀ ਰੋਸ ਪ੍ਰਗਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦਾ ਹਵਾਲਾ ਦਿੰਦਿਆਂ ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ 14 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਜਲਦ ਬੁਲਾਈ ਜਾਵੇ। ਨਾਲ ਹੀ ਇਹ ਚੰਡੀਗੜ੍ਹ ਦੀ ਬਜਾਏ ਦਿੱਲੀ ਵਿੱਚ ਕੀਤਾ ਜਾਵੇ ਕਿਉਂਕਿ ਇਹ ਦੇਸ਼ ਭਰ ਦੇ ਕਿਸਾਨਾਂ ਦੀਆਂ ਮੰਗਾਂ ਹਨ। ਪੰਧੇਰ ਨੇ ਦੱਸਿਆ ਕਿ ਡੱਲੇਵਾਲ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ। ਉਹ ਇਸ ਲਹਿਰ ਦੇ ਵੱਡੇ ਆਗੂ ਹਨ ਅਤੇ ਮੰਗਾਂ ਦੀ ਪੂਰਤੀ ਲਈ ਉਨ੍ਹਾਂ ਦੇ ਮਜ਼ਬੂਤ ਹੋਣ ਦੀ ਸਖ਼ਤ ਲੋੜ ਹੈ। ਇਸ ਲਈ ਉਹ ਡੱਲੇਵਾਲ ਨੂੰ ਅਪੀਲ ਕਰਦੇ ਹਨ ਕਿ ਉਹ ਡਾ: ਸਵਯਮਨ ਸਿੰਘ ਖਹਿਰਾ ਦੀ ਸਲਾਹ ਹੇਠ ਚੰਗੀ ਪੌਸ਼ਟਿਕ ਖੁਰਾਕ ਲੈਣ ਅਤੇ ਜਲਦੀ ਤੰਦਰੁਸਤ ਹੋਣ । ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨਾਲ ਏਕਤਾ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਲਗਾਤਾਰ ਯਤਨ ਜਾਰੀ ਹਨ, ਉਨ੍ਹਾਂ ਦਾ ਸਮੂਹ ਲੋਕਾਂ ਦੀ ਆਵਾਜ਼ ਅਨੁਸਾਰ ਵੱਧ ਤੋਂ ਵੱਧ ਏਕਤਾ ਲਈ ਵਚਨਬੱਧ ਹੈ। ਪੂਰੀ ਉਮੀਦ ਹੈ ਕਿ 24 ਜਨਵਰੀ ਨੂੰ ਐਸਕੇਐਮ ਦੀ ਕੌਮੀ ਮੀਟਿੰਗ ਵਿੱਚ ਸਮੁੱਚੀ ਏਕਤਾ ਬਾਰੇ ਫੈਸਲਾ ਲਿਆ ਜਾਵੇਗਾ।

# ਪਾਕਿ 'ਚ ਪਹਿਲੀ ਵਾਰ ਸਿੱਖ ਜੋੜੇ ਨੂੰ ਮਿਲਿਆ ਆਨੰਦ ਕਾਰਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ

## ਖ਼ੈਬਰ ਸਰਕਾਰ ਨੇ ਗੁਰਪਾਲ ਨੂੰ ਹੀ ਬਣਾਇਆ ਸਿੱਖ ਮੈਰਿਜ ਸਰਟੀਫ਼ਿਕੇਟ ਰਜਿਸਟਰਾਰ



ਪਾਕਿਸਤਾਨ 'ਚ ਪਹਿਲੀ ਵਾਰ ਕਿਸੇ ਸਿੱਖ ਨੂੰ ਆਨੰਦ ਕਾਰਜ ਐਕਟ 'ਚ 'ਸਿੱਖ ਮੈਰਿਜ ਸਰਟੀਫ਼ਿਕੇਟ' ਪ੍ਰਦਾਨ ਕੀਤਾ ਗਿਆ। ਖ਼ੈਬਰ ਪਖ਼ਤੂਨਖਵਾ ਸੂਬਾ ਸਰਕਾਰ ਤੋਂ ਮਾਨਤਾ ਹਾਸਲ ਇਹ ਪਹਿਲਾ ਸਰਟੀਫ਼ਿਕੇਟ ਪਿਸ਼ਾਵਰ ਸ਼ਹਿਰ ਦੇ ਨਿਵਾਸੀ ਗੁਰਪਾਲ ਸਿੰਘ ਤੇ ਉਨ੍ਹਾਂ ਦੀ ਪਤਨੀ ਹਰਮੀਤ ਕੌਰ ਨੂੰ ਨੇਬਰਹੁਡ ਕੌਂਸਲ ਟਾਊਨ ਵਨ ਦੇ ਅਧਿਕਾਰੀ ਉਬੈਦੁਰ ਰਹਿਮਾਨ ਨੇ ਸੌਂਪਿਆ। ਇਸ ਸਰਟੀਫ਼ਿਕੇਟ 'ਤੇ ਬਾਰਕੋਡ ਵੀ ਲਾਇਆ ਗਿਆ ਹੈ। ਸਿੱਖ ਆਨੰਦ ਕਾਰਜ ਮੈਰਿਜ ਬਿੱਲ ਪਾਸ ਕਰਵਾਉਣ ਲਈ ਗੁਰਪਾਲ ਸਿੰਘ ਨੇ ਕਾਫ਼ੀ ਸੰਘਰਸ਼ ਕੀਤਾ ਸੀ।

ਉਨ੍ਹਾਂ ਨੇ ਦੱਸਿਆ ਕਿ ਖ਼ੈਬਰ ਪਖ਼ਤੂਨਖਵਾ ਸੂਬੇ ਦੇ ਗ੍ਰਾਮੀਣ ਵਿਕਾਸ ਵਿਭਾਗ ਨੇ ਯੂਨੀਅਨ ਕੌਂਸਲ ਨੂੰ ਸਿੱਖ ਵਿਆਹ ਲਈ ਅਧਿਕਾਰਕ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਜਾਰੀ ਕਰਨ ਦੀ 31 ਦਸੰਬਰ 2024 ਨੂੰ ਮਨਜ਼ੂਰੀ ਦਿਤੀ ਸੀ। ਉਸ ਤੋਂ ਬਾਅਦ 16 ਜਨਵਰੀ 2025 ਨੂੰ ਪਹਿਲਾ ਸਿੱਖ ਮੈਰਿਜ ਸਰਟੀਫ਼ਿਕੇਟ ਉਨ੍ਹਾਂ ਨੂੰ (ਗੁਰਪਾਲ ਸਿੰਘ ਨੂੰ) ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਦਸਿਆ ਕਿ ਸੂਬਾ ਸਰਕਾਰ ਨੇ ਨਵੇਂ ਵਿਆਹੇ ਸਿੱਖਾਂ ਨੂੰ ਅਜਿਹੇ ਸਰਟੀਫ਼ਿਕੇਟ ਜਾਰੀ ਕਰਨ ਤੇ ਉਨ੍ਹਾਂ 'ਤੇ ਹਸਤਾਖ਼ਰ ਕਰਨ ਲਈ ਗੁਰਪਾਲ ਸਿੰਘ ਨੂੰ ਮੈਰਿਜ ਰਜਿਸਟਰਾਰ ਦੇ ਰੂਪ 'ਚ ਨਿਯੁਕਤ ਕਰ ਦਿਤਾ ਹੈ। ਗੁਰਪਾਲ ਸਿੰਘ ਨੇ ਦਸਿਆ ਕਿ ਹੁਣ ਤੱਕ ਪਿਸ਼ਾਵਰੀ ਸਿੱਖਾਂ ਨੂੰ ਵਿਆਹ ਦੇ ਸਰਟੀਫ਼ਿਕੇਟ ਦੇ ਰੂਪ 'ਚ ਗੁਰਦੁਆਰਾ ਸਾਹਿਬਾਨ ਵਲੋਂ ਗੁਰਮੁਖੀ 'ਚ ਤਿਆਰ ਕੀਤਾ ਗਿਆ 'ਨਿਕਾਹਨਾਮਾ' ਦਿਤਾ ਜਾਂਦਾ ਸੀ ਜਿਸ ਨੂੰ ਕਾਨੂੰਨੀ ਮਾਨਤਾ ਹਾਸਲ ਨਹੀਂ ਸੀ। ਹੁਣ ਨਵੇਂ ਵਿਆਹੇ ਸਿੱਖ ਆਸਾਨੀ ਨਾਲ ਸਿੱਖ ਮੈਰਿਜ ਸਰਟੀਫ਼ਿਕੇਟ ਹਾਸਲ ਕਰ ਸਕਣਗੇ। ਗੁਰਪਾਲ ਸਿੰਘ ਨੇ ਦਸਿਆ ਕਿ ਖ਼ੈਬਰ 'ਚ ਸਿੱਖਾਂ ਦੀ ਜਨਸੰਖਿਆ ਛੇ ਹਜ਼ਾਰ ਤੋਂ ਵੱਧ ਹੈ। ਉਨ੍ਹਾਂ ਦੀ ਤਰਜੀਹ ਹੋਰ ਸੂਬਿਆਂ 'ਚ ਵੀ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਛੇਤੀ ਹੀ ਲਾਗੂ ਕਰਵਾਉਣ ਦੀ ਰਹੇਗੀ।

# ਡੱਲੇਵਾਲ ਦਾ 57ਵੇਂ ਦਿਨ ਮਰਨ ਵਰਤ ਜਾਰੀ

## ਡਾਕਟਰਾਂ ਦੇ ਮੁਤਾਬਕ ਉਨ੍ਹਾਂ ਨੂੰ ਕੁਦਰਤੀ ਹਵਾ ਅਤੇ ਰੌਸ਼ਨੀ ਦੀ ਹੈ ਲੋੜ

## ਭਲਕੇ ਉਨ੍ਹਾਂ ਨੂੰ ਟਰਾਲੀ ਤੋਂ ਲਿਆਂਦਾ ਜਾਵੇਗਾ ਬਾਹਰ



ਅੱਜ 57ਵੇਂ ਦਿਨ ਵੀ ਦਾਤਾਸਿੰਘਵਾਲਾ-ਖਨੌਰੀ ਕਿਸਾਨ ਮੋਰਚੇ ਉੱਪਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਜਾਰੀ ਰਿਹਾ। 57 ਦਿਨ ਤੋਂ ਟਰਾਲੀ 'ਚ ਹੀ ਹੋਣ ਕਾਰਨ ਕੁਦਰਤੀ ਹਵਾ ਅਤੇ ਰੋਸ਼ਨੀ ਦੀ ਲੋੜ ਨੂੰ ਦੇਖਦੇ ਹੋਏ ਕੱਲ ਦੁਪਹਿਰ ਨੂੰ ਜਗਜੀਤ ਸਿੰਘ ਡੱਲੇਵਾਲ ਨੂੰ ਟਰਾਲੀ ਤੋ ਬਾਹਰ ਲਿਆਂਦਾ ਜਾਵੇਗਾ ਅਤੇ ਸਟੇਜ ਦੇ ਨੇੜੇ ਬਣਾਈ ਜਾ ਰਹੀ ਟਰਾਲੀ/ਕਮਰੇ 'ਚ ਸ਼ਿਫਟ ਕੀਤਾ ਜਾਵੇਗਾ। ਉਸ ਟਰਾਲੀ/ਰੂਮ ਦੇ ਆਲੇ-ਦੁਆਲੇ ਦੇ ਖੇਤਰ ਨੂੰ ਬੈਕਟੀਰੀਆ ਮੁਕਤ ਬਣਾਉਣ ਲਈ ਮਾਹਿਰਾਂ ਦੀ ਟੀਮ ਸਫ਼ਾਈ ਅਤੇ ਦਵਾਈਆਂ ਦਾ ਛਿੜਕਾਅ ਕਰਵਾ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅਤੇ ਸੰਘਰਸ਼ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹੇਗਾ, ਹੁਣ ਕਿਸਾਨਾਂ ਨੇ ਜਿੱਤ ਲਈ ਇੱਕ ਕਦਮ ਅੱਗੇ ਪੁੱਟ ਲਿਆ ਹੈ ਅਤੇ ਅੰਦੋਲਨ ਨੂੰ ਮਜ਼ਬੂਤੀ ਨਾਲ ਇਸੇ ਤਰ੍ਹਾਂ ਜਾਰੀ ਰੱਖਣਾ। ਮਹਾਰਾਸ਼ਟਰ 'ਚ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦੇ ਸਮਰਥਨ 'ਚ ਜ਼ਿਲ੍ਹਾ ਪੱਧਰ 'ਤੇ 1 ਰੋਜ਼ਾ ਸੰਕੇਤਿਕ ਭੁੱਖ ਹੜਤਾਲ ਕੀਤੀ ਗਈ ਅਤੇ ਜ਼ਿਲ੍ਹਾ ਅਧਿਕਾਰੀਆਂ ਰਾਹੀਂ ਕੇਂਦਰ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ।

ਭਲਕੇ ਤਾਮਿਲਨਾਡੂ ਦੀ ਰਾਜਧਾਨੀ ਚੇਨਈ 'ਚ ਜਗਜੀਤ ਸਿੰਘ ਡੱਲੇਵਾਲ ਜੀ ਦੇ ਮਰਨ ਵਰਤ ਦੇ ਸਮਰਥਨ 'ਚ ਹਜ਼ਾਰਾਂ ਕਿਸਾਨ ਇੱਕ ਦਿਨ ਦਾ ਸੰਕੇਤਿਕ ਵਰਤ ਰੱਖਣਗੇ। ਦੋਵੇਂ ਮੋਰਚਿਆਂ ਨੇ ਕੱਲ੍ਹ ਹਨੂੰਮਾਨਗੜ੍ਹ 'ਚ ਕਿਸਾਨਾਂ ਉੱਪਰ ਹੋਏ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਲੋਕਤੰਤਰ ਵਿੱਚ ਇਸ ਤਰ੍ਹਾਂ ਦੀ ਹਿੰਸਕ ਪੁਲਿਸ ਕਾਰਵਾਈ ਲਈ ਕੋਈ ਥਾਂ ਨਹੀਂ ਹੈ।

### ਟ੍ਰੇਨਰ ਡਾਕਟਰ ਵੱਲੋਂ ਡੱਲੇਵਾਲ ਨੂੰ ਡ੍ਰਿਪ ਲਗਾਉਣ 'ਤੇ ਸਿਹਤ ਮੰਤਰੀ ਨੂੰ ਸ਼ਿਕਾਇਤ

ਬੀਤੀ ਰਾਤ ਖਨੌਰੀ ਬਾਰਡਰ ਤੇ ਇਕ ਅਜੀਬ ਜਿਹੀ ਘਟਨਾ ਵਾਪਰੀ। ਜਦੋਂ ਮਾਹਰ ਡਾਕਟਰਾਂ ਨੇ ਜਗਜੀਤ ਸਿੰਘ ਡੱਲੇਵਾਲ ਨੂੰ ਡ੍ਰਿਪ ਲਗਾਉਣ ਲਈ ਇਕ ਟ੍ਰੇਨਰ ਡਾਕਟਰ ਨੂੰ ਭੇਜ ਦਿੱਤਾ। ਜਿਵੇਂ ਹੀ ਡ੍ਰਿਪ ਲਗਾਈ ਗਈ ਤਾਂ ਡੱਲੇਵਾਲ ਨੂੰ ਦਰਦ ਮਹਿਸੂਸ ਹੋਇਆ। ਇਸ ਦਾ ਨੋਟਿਸ ਲੈਂਦਿਆਂ ਕਿਸਾਨ ਆਗੂਆਂ ਨੇ ਇਸ ਦੀ ਸ਼ਿਕਾਇਤ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੂੰ ਕੀਤੀ ਹੈ ਤੇ ਕਿਹਾ ਹੈ ਕਿ ਜੇਕਰ ਸਰਕਾਰ ਚੰਗੇ ਡਾਕਟਰਾਂ ਦਾ ਪ੍ਰਬੰਧ ਨਹੀਂ ਕਰ ਸਕਦੀ ਤਾਂ ਉਹ ਆਪਣੇ ਆਪ ਪ੍ਰਾਈਵੇਟ ਡਾਕਟਰਾਂ ਦਾ ਪ੍ਰਬੰਧ ਕਰ ਲੈਣਗੇ। ਇਸ ਸਬੰਧੀ ਕਾਕਾ ਸਿੰਘ ਕੋਟੜਾ ਨੇ ਟ੍ਰੇਨਰ ਡਾਕਟਰ ਵਲੋਂ ਜਗਜੀਤ ਡੱਲੇਵਾਲ ਨੂੰ ਡ੍ਰਿਪ ਲਾਉਣ ਵਾਲੀ ਰਾਤ ਦੀ ਸਾਰੀ ਘਟਨਾ ਦੱਸੀ। ਉਨ੍ਹਾਂ ਕਿਹਾ ਕਿ ਪਹਿਲਾਂ ਉੱਕਤ ਟ੍ਰੇਨਰ ਨੇ ਡੱਲੇਵਾਲ ਨੂੰ ਛੋਟੀ ਡ੍ਰਿਪ ਲਗਾਈ ਸੀ ਜੋ ਅੱਧੇ ਘੰਟੇ ਤੱਕ ਸਮਾਪਤ ਕਰਨੀ ਹੁੰਦੀ ਹੈ ਪਰ ਉੱਕਤ ਟ੍ਰੇਨਿੰਗ ਡਾਕਟਰ ਨੇ ਡ੍ਰਿਪ ਬਹੁਤ ਹੌਲੀ ਲਗਾ ਦਿੱਤੀ ਫਿਰ ਉਸ ਨੂੰ ਵਧਾ ਦਿੱਤਾ। ਡ੍ਰਿਪ ਵਧਾਉਣ ਨਾਲ ਡੱਲੇਵਾਲ ਦੇ ਦਰਦ ਹੋਣ ਲੱਗ ਪਿਆ। ਉਨ੍ਹਾਂ ਦੀ ਬਾਂਹ ਸੁੱਜ ਗਈ ਸੀ।

# 'ਜਲ ਬੱਸ ਭ੍ਰਿਸ਼ਟਾਚਾਰ ਦਾ ਪ੍ਰਤੀਕ, ਕੀਤੀ ਜਾ ਰਹੀ ਜਾਂਚ'




ਚੰਡੀਗੜ੍ਹ: ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਪੱਸ਼ਟ ਕੀਤਾ ਹੈ ਕਿ ਜਲ ਬੱਸ ਨੂੰ ਚਲਾਉਣ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਮੀਡੀਆ ਦੇ ਇੱਕ ਹਿੱਸੇ ਵਿੱਚ ਅਜਿਹੀਆਂ ਖਬਰਾਂ ਆਈਆਂ ਹਨ ਕਿ ਹਰੀਕੇ ਵਿਖੇ ਖੜ੍ਹੀ ਜਲ ਬੱਸ ਨੂੰ ਪੰਜਾਬ ਸਰਕਾਰ ਦੋਬਾਰਾ ਰਣਜੀਤ ਸਾਗਰ ਝੀਲ ਵਿੱਚ ਚਲਾਉਣ ਲਈ ਯਤਨ ਕਰ ਰਹੀ ਹੈ। ਸੌਂਦ ਨੇ ਕਿਹਾ ਕਿ ਇਹ ਖਬਰਾਂ ਬੇਬੁਨਿਆਦ ਤੇ ਗਲਤ ਹਨ ਅਤੇ ਉਹ ਇਨ੍ਹਾਂ ਦਾ ਖੰਡਨ ਕਰਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੀਆਂ ਸਭ ਖਬਰਾਂ ਅਫਵਾਹ ਤੋਂ ਇਲਾਵਾ ਹੋਰ ਕੁਝ ਨਹੀਂ ਹੈ।

ਸੈਰ ਸਪਾਟਾ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਜਲ ਬੱਸ ਉੱਤੇ ਖਰਚ ਕੀਤੀ ਕਰੀਬ 8.63 ਕਰੋੜ ਰੁਪਏ ਦੀ ਰਾਸ਼ੀ ਬਹੁਤ ਗਲਤ ਫੈਸਲਾ ਸੀ ਅਤੇ ਪੰਜਾਬ ਦੇ ਲੋਕਾਂ ਉੱਤੇ ਪਾਏ ਇਸ ਬੇਮਤਲਬ ਵਿੱਤੀ ਬੋਝ ਦੀ ਵੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਜਲ ਬੱਸ ਭ੍ਰਿਸ਼ਟਾਚਾਰ ਦਾ ਪ੍ਰਤੀਕ ਸੀ ਅਤੇ ਅਸੀਂ ਇਸਦੀ ਜਾਂਚ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਹ ਬੱਸ ਚਲਾਉਣ ਲਈ ਬਿਲਕੁਲ ਵੀ ਫਿੱਟ ਨਹੀਂ ਹੈ ਅਤੇ ਇਸ ਨੂੰ ਚਲਾਉਣ ਨਾਲ ਵੱਡਾ ਐਕਸੀਡੈਂਟ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਅਜਿਹਾ ਕੋਈ ਫੈਸਲਾ ਨਹੀਂ ਲਵੇਗੀ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਜਲ ਬੱਸ ਨੂੰ ਚਲਾਉਣ ਸਬੰਧੀ ਮੀਡੀਆ ਦੇ ਕਿਸੇ ਵੀ ਹਿੱਸੇ ਵਿੱਚ ਛਪੀ/ਪ੍ਰਸਾਰਿਤ ਹੋਈ ਖਬਰ ਉੱਤੇ ਪੰਜਾਬ ਵਾਸੀ ਰੱਤੀ ਭਰ ਵੀ ਯਕੀਨ ਨਾ ਕਰਨ ਕਿਉਂ ਕਿ ਮੌਜੂਦਾ ਸਰਕਾਰ ਲੋਕਾਂ ਦੀ ਭਲਾਈ ਅਤੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਜਲ ਬੱਸ ਵੈਸੇ ਵੀ ਵੱਡੇ ਘਾਟੇ ਦਾ ਸੌਦਾ ਰਹੀ ਹੈ ਕਿਉਂ ਕਿ ਪਿਛਲੀਆਂ ਸਰਕਾਰਾਂ ਨੇ ਇਸ ਉੱਤੇ ਸਰਕਾਰੀ ਖਜ਼ਾਨੇ ਦੇ ਕਰੋੜਾਂ ਰੁਪਏ ਖਰਚ ਦਿੱਤੇ ਜਦਕਿ ਆਮਦਨੀ ਹਜ਼ਾਰਾਂ ਵਿੱਚ ਵੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਹ ਜਲ ਬੱਸ ਪੂਰੀ ਤਰ੍ਹਾਂ ਅਣਫਿੱਟ ਹੈ ਅਤੇ ਇਸ ਨੂੰ ਆਗਾਮੀ ਸਮੇਂ ਵਿੱਚ ਬਿਲਕੁਲ ਵੀ ਨਹੀਂ ਚਲਾਇਆ ਜਾਵੇਗਾ। ਸੌਂਦ ਨੇ ਕਿਹਾ ਕਿ ਇਹ 'ਸੁਪਰ ਫੇਲ੍ਹ' ਜਲ ਬੱਸ ਪਿਛਲੀਆਂ ਸਰਕਾਰਾਂ ਦੇ ਗਲਤ ਫੈਸਲਿਆਂ ਦਾ ਨਤੀਜਾ ਹੈ ਜਿਸ ਕਾਰਣ ਲੋਕਾਂ ਦੇ ਪੈਸੇ ਦੀ ਬਰਬਾਦੀ ਹੋਈ ਹੈ। ਇਹ ਪੈਸਾ ਲੋਕ ਭਲਾਈ ਸਕੀਮਾਂ ਲਈ ਵਰਤਿਆ ਜਾ ਸਕਦਾ ਸੀ।

# ਐੱਨ.ਆਰ.ਆਈਜ਼ ਨੂੰ ਸੰਸਦ 'ਚ ਨੁਮਾਇੰਦਗੀ ਦੇਣ ਦੀ ਮੰਗ



ਨਵੀਂ ਦਿੱਲੀ : ਪਰਵਾਸੀ ਭਾਰਤੀਆਂ ਦੀ ਵਧ ਰਹੀ ਗਿਣਤੀ ਅਤੇ ਇਨ੍ਹਾਂ ਦੇ ਵੱਖ-ਵੱਖ ਮੁੱਦਿਆਂ ਦੇ ਮੱਦੇਨਜ਼ਰ ਵਿਦੇਸ਼ ਮਾਮਲਿਆਂ ਬਾਰੇ ਸੰਸਦੀ ਕਮੇਟੀ ਦੀ ਮੀਟਿੰਗ ਵਿੱਚ ਅੱਜ ਐੱਨਆਰਆਈਜ਼ ਨੂੰ ਸੰਸਦ ਵਿੱਚ ਨੁਮਾਇੰਦਗੀ ਦੇਣ ਬਾਰੇ ਸੁਝਾਅ ਦਿੱਤਾ ਗਿਆ। ਸੂਤਰਾਂ ਨੇ ਦੱਸਿਆ ਕਿ ਕਾਂਗਰਸੀ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਨੇ ਇਸ ਮੰਗ ਦੇ ਸਮਰਥਨ ਵਿੱਚ ਇਟਲੀ ਵਰਗੇ ਕੁਝ ਦੇਸ਼ਾਂ ਦਾ ਹਵਾਲਾ ਦਿੱਤਾ, ਜਿੱਥੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਉਨ੍ਹਾਂ ਦੇ ਨਾਗਰਿਕਾਂ ਲਈ ਵਿਧਾਨ ਸਭਾ ਵਿੱਚ ਰਾਖਵਾਂਕਰਨ ਹੈ। ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਵਾਲੀ ਸਥਾਈ ਕਮੇਟੀ ਨੇ ਪਰਵਾਸੀ ਭਾਰਤੀਆਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ। ਮੀਟਿੰਗ ਵਿੱਚ ਕੇਰਲ, ਪੰਜਾਬ, ਦਿੱਲੀ ਅਤੇ ਗੁਜਰਾਤ ਦੀਆਂ ਸੰਸਥਾਵਾਂ ਨੇ ਹਿੱਸਾ ਲਿਆ ਅਤੇ ਕੁਝ ਚੰਗੇ ਸੁਝਾਅ ਵੀ ਦਿੱਤੇ। ਹੁੱਡਾ ਨੇ ਕਿਹਾ ਕਿ ਲੱਖਾਂ ਪਰਵਾਸੀ ਭਾਰਤੀ ਵਿਦੇਸ਼ਾਂ ਵਿੱਚ ਰਹਿੰਦੇ ਹਨ, ਇਸ ਲਈ ਉਹ ਸੰਸਦ ਵਿੱਚ ਨੁਮਾਇੰਦਗੀ ਕਰਨ ਦੇ ਹੱਕਦਾਰ ਹਨ। ਪਿਛਲੇ ਸਮੇਂ ਵਿੱਚ ਕੁਝ ਪਰਵਾਸੀ ਭਾਰਤੀ ਗਰੁੱਪਾਂ ਨੇ ਸੰਸਦ ਵਿੱਚ ਸੀਟਾਂ ਦੀ ਮੰਗ ਕੀਤੀ ਹੈ। ਮੌਜੂਦਾ ਸਮੇਂ ਪਰਵਾਸੀ ਭਾਰਤੀ ਵਿਦੇਸ਼ਾਂ ਤੋਂ ਵੋਟ ਵੀ ਨਹੀਂ ਪਾ ਸਕਦੇ। ਉਨ੍ਹਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਭਾਰਤ ਆਉਣਾ ਪੈਂਦਾ ਹੈ। ਐੱਨਆਰਆਈਜ਼ ਨੂੰ ਅਧਿਕਾਰਤ ਤੌਰ 'ਤੇ 'ਵਿਦੇਸ਼ੀ ਵੋਟਰ' ਕਿਹਾ ਜਾਂਦਾ ਹੈ। ਥਰੂਰ ਨੇ ਕਿਹਾ, 'ਅਸੀਂ ਪਰਵਾਸੀ ਭਾਰਤੀਆਂ ਨਾਲ ਕੰਮ ਕਰਨ ਵਾਲੀਆਂ ਚਾਰ ਸੰਸਥਾਵਾਂ ਨਾਲ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ।' ਵਿਦੇਸ਼ ਮੰਤਰਾਲੇ ਨੇ ਪਹਿਲਾਂ ਮੀਟਿੰਗ ਵਿੱਚ ਕਮੇਟੀ ਨੂੰ ਸੂਚਿਤ ਕੀਤਾ ਸੀ ਕਿ ਪਰਵਾਸ ਨਾਲ ਸਬੰਧਤ ਮੁੱਦਿਆਂ 'ਤੇ ਇੱਕ ਬਿੱਲ ਸਰਕਾਰ ਦੇ ਵਿਚਾਰ ਅਧੀਨ ਹੈ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ
ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

# ਰਾਸ਼ੀਫਲ

**ਮੇਖ :** ਖੁਸ਼ੀ ਭਰੇ ਦਿਨ ਦੇ ਲਈ ਮਾਨਸਿਕ ਤਣਾਅ ਅਤੇ ਝੰਝਟ ਤੋਂ ਬਚੋ। ਜਿਨਾਂ ਲੋਕਾਂ ਨੇ ਆਪਣਾ ਪੈਸਾ ਸੱਟੇਬਾਜ਼ੀ ਵਿਚ ਪੈਸਾ ਲਗਾਇਆ ਹੋਇਆ ਹੈ ਅੱਜ ਉਨਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ ਸੱਟੇਬਾਜ਼ੀ ਤੋਂ ਦੂਰ ਰਹਿਣ ਦੀ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ। ਰਿਸ਼ਤੇਦਾਰ ਦੇ ਨਾਲ ਆਪਣੇ ਸੰਬੰਧਾਂ ਨੂੰ ਫਿਰ ਤੋਂ ਤਰੋਤਾਜ਼ਾ ਕਰਨ ਦਾ ਦਿਨ ਹੈ। ਉਤੇਜਕ ਦਿਨ ਹੈ ਕਿਉਂ ਕਿ ਤੁਹਾਡਾ ਪਿਆਰਾ ਤੁਹਾਨੂੰ ਤੋਹਫੇ ਦੇ ਸਕਦਾ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇਲੂ ਉਤਸਵ ਤੇ ਬੁਲਾ ਸਕਦੇ ਹਨ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਬ੍ਰਿਸ਼ਭ:** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਆਪਣੇ ਕਰੀਬੀ ਲੋਕਾਂ ਦੇ ਸਾਹਮਣੇ ਅਜਿਹੀ ਗੱਲਾਂ ਉਠਾਉਣ ਤੋਂ ਬਚੋ ਜੋ ਉਨਾਂ ਨੂੰ ਉਦਾਸ ਕਰ ਸਕਦੀਆਂ ਹਨ। ਅੱਜ ਪਿਆਰ ਭਰੀ ਜ਼ਿੰਦਗੀ ਖੂਬਸੂਰਤੀ ਨਾਲ ਖਿੜੇਗੀ। ਅੱਜ ਕੰਮ ਕਾਰ ਵਿਚ ਤੁਹਾਡੇ ਕਿਸੇ ਪੁਰਾਣੇ ਕੰਮ ਦੀ ਤਾਰੀਫ ਹੋ ਸਕਦੀ ਹੈ ਤੁਹਾਡੇ ਕੰਮ ਨੂੰ ਦੇਖਦੇ ਹੋਏ ਅੱਜ ਤੁਹਾਡੀ ਤਰੱਕੀ ਵੀ ਸੰਭਵ ਹੈ। ਕਾਰੋਬਾਰੀ ਅੱਜ ਅਨੁਭਵੀ ਲੋਕਾਂ ਨਾਲ ਕਾਰੋਬਾਰ ਨੂੰ ਅੱਗੇ ਵਧਾਉਣ ਦੀ ਸਲਾਹ ਦੇ ਸਕਦੇ ਹਨ ਅੱਜ ਆਪਣੇ ਖਾਲੀ ਸਮੇਂ ਦਾ ਇਸਤੇਮਾਲ ਘਰ ਦੇ ਛੋਟਿਆਂ ਦੇ ਨਾਲ ਗੱਲਬਾਤ ਕਰਕੇ ਚੰਗਾ ਸਮਾਂ ਬਤੀਤ ਕਰ ਸਕਦੇ ਹੋ। ਛੂਹਣਾ, ਚੁੰਮੀਆਂ, ਜੱਫੀਆਂ ਵਿਆਹੁਤਾ ਜੀਵਨ ਵਿਚ ਇਸਦੀ ਇਕ ਵਿਸ਼ੇਸ਼ ਮਹੱਤਤਾ ਹੈ ਅੱਜ ਤੁਸੀ ਇਸ ਦਾ ਅਨੁਭਵ ਕਰੋਂਗੇ।

**ਮਿਥੁਨ :** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਬਜ਼ੁਰਗਾਂ ਦੀ ਜਾਇਦਾਦ ਦੀ ਖਬਰ ਪੂਰੇ ਪਰਿਵਾਰ ਦੇ ਲਈ ਖੁਸ਼ੀ ਲਿਆ ਸਕਦੀ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਮਹਿਬੂਬ ਤੁਹਾਨੂੰ ਕਿੰਨਾ ਪਿਆਰ ਕਰਦਾ ਹੈ। ਆਪਣਾ ਰੈਜ਼ਿਉਮ ਭੇਜਣ ਜਾਂ ਕਿਸੇ ਇੰਟਰਵਿਊ ਵਿਚ ਜਾਣ ਲਈ ਚੰਗਾ ਸਮਾਂ ਹੈ। ਉਨਾਂ ਚੀਜਾਂ ਨੂੰ ਦੁਹਰਾਉਣਾ ਜਿਨਾਂ ਦਾ ਹੁਣ ਤੁਹਾਡੀ ਜ਼ਿੰਦਗੀ ਵਿਚ ਕੋਈ ਮਹੱਤਵ ਨਹੀਂ ਹੈ ਤੁਹਾਡੇ ਲਈ ਠੀਕ ਨਹੀਂ ਹੈ ਅਜਿਹਾ ਕਰਕੇ ਤੁਸੀ ਆਪਣਾ ਸਮਾਂ ਹੀ ਖਰਾਬ ਕਰੋਂਗੇ ਹੋਰ ਕੁਝ ਨਹੀਂ। ਅੱਜ ਜ਼ਿੰਦਗੀ ਸੱਚਮੁਚ ਸ਼ਾਨਦਾਰ ਹੋਵੇਗੀ ਕਿਉਂ ਕਿ ਤੁਹਾਡੇ ਜੀਵਨਸਾਥੀ ਨੇ ਤੁਹਾਡੇ ਲਈ ਕੁਝ ਖਾਸ ਯੋਜਨਾ ਬਣਾਈ ਹੋਈ ਹੈ।



**ਕਰਕ :** ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਜੇਕਰ ਵਿਆਹੇਵਰੇ ਹੋ ਤਾਂ ਅੱਜ ਆਪਣੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖੋ ਕਿਉਂ ਕਿ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਉਨਾਂ ਦੀ ਸਿਹਤ ਖਰਾਬ ਹੋ ਸਕਦੀ ਹੈ ਅਤੇ ਤੁਹਾਨੂੰ ਉਨਾਂ ਦੀ ਸਿਹਤ ਤੇ ਕਾਫੀ ਖਰਚਾ ਕਰਨਾ ਪੈ ਸਕਦਾ ਹੈ । ਕੋਈ ਅਜਿਹਾ ਜਿਸਦੇ ਨਾਲ ਤੁਸੀ ਰਹਿੰਦੇ ਹੋ ਤੁਸੀ ਲਾਪਰਵਾਹ ਅਤੇ ਅਨਿਸ਼ਚਿਤ ਵਿਵਹਾਰ ਦੀ ਵਜਾਹ ਤੋਂ ਚਿੜ ਸਕਦੇ ਹੋ। ਨਵੇਂ ਪਿਆਰ ਸੰਬੰਧ ਬਣਾਉਣ ਦਾ ਮਜ਼ਬੂਤ ਮੋਕਾ ਹੈ ਪਰੰਤੂ ਵਿਅਕਤੀਗਤ ਅਤੇ ਗੁਪਤ ਜਾਣਕਾਰੀ ਨੂੰ ਉਜਾਗਰ ਕਰਨ ਤੋਂ ਬਚੋ। ਤੁਹਾਡੀ ਲਗਨ ਅਤੇ ਆਤਮਵਿਸ਼ਵਾਸ਼ ਦਾ ਸਤਰ ਉੱਚਾ ਹੋਵੇਗਾ ਅਤੇ ਤੁਸੀ ਉਮੀਦ ਤੋਂ ਜ਼ਿਆਦਾ ਪ੍ਰਦਸ਼ਨ ਕਰੋਂਗੇ। ਕੁਝ ਦਿਲ ਬਹਿਲਾਉਣ ਅਤੇ ਮਨੋਰੰਜਨ ਲਈ ਚੰਗਾ ਦਿਨ ਹੈ। ਅੱਜ ਦਾ ਦਿਨ ਤੁਹਾਡੇ ਸਾਥੀ ਦਾ ਬੇਹਤਰੀਨ ਪਹਿਲੂ ਨੂੰ ਦਿਖਾਉਣ ਵਾਲਾ ਹੈ।

**ਸਿੰਘ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਜਿਨਾਂ ਲੋਕਾਂ ਨੇ ਲੋਨ ਲਿਆ ਸੀ ਅੱਜ ਉਨਾਂ ਨੂੰ ਉਸ ਲੋਨ ਦੀ ਰਾਸ਼ੀ ਨੂੰ ਵਾਪਸ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ। ਤੁਹਾਡੀ ਲਾਪਰਵਾਹ ਰਵੱਈਆ ਤੁਹਾਡੇ ਮਾਤਾ ਪਿਤਾ ਨੂੰ ਦੁਖੀ ਕਰ ਸਕਦਾ ਹੈ ਕੋਈ ਵੀ ਨਵੀਂ ਪਰਿਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਉਨਾਂ ਦੀ ਸਲਾਹ ਵੀ ਜਾਣ ਲਵੋ। ਸੰਭਵ ਹੈ ਕਿ ਕੋਈ ਤੁਹਾਨੂੰ ਆਪਣੇ ਪਿਆਰ ਦਾ ਇਜ਼ਹਾਰ ਕਰੇ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਦਿਨ ਵਧੀਆ ਹੈ ਦੂਸਰਿਆਂ ਦੇ ਨਾਲ ਨਾਲ ਤੁਸੀ ਆਪਣੇ ਲਈ ਵੀ ਸਮਾਂ ਕੱਢ ਪਾਉਂਗੇ। ਥੋੜੀ ਜਿਹੀ ਕੋਸ਼ਿਸ਼ ਕਰੋ ਕਿ ਇਹ ਦਿਨ ਤੁਹਾਡੇ ਵਿਵਾਹਿਕ ਜੀਵਨ ਵਿਚ ਸਭ ਤੋਂ ਵਿਸ਼ੇਸ਼ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

**ਕੰਨਿਆ:** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਅੱਜ ਤੁਹਾਨੂੰ ਆਪਣਾ ਧਨ ਖਰਚ ਕਰਨ ਦੀ ਲੋੜ ਨਹੀਂ ਪਵੇਗੀ ਕਿਉਂ ਕਿ ਘਰ ਦਾ ਕੋਈ ਵੱਡਾ ਅੱਜ ਤੁਹਾਨੂੰ ਪੈਸੇ ਦੇ ਸਕਦਾ ਹੈ। ਕਿਸੇ ਕਿਸੇ ਵੀ ਚੀਜ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਆਪਣੇ ਪਰਿਵਾਰ ਦੀ ਸਲਾਹ ਲਵੋ। ਤੁਹਾਡਾ ਆਪਣਾ ਇਕਤਰਫਾ ਫੈਸਲਾ ਕੁਝ ਮੁਸ਼ਕਿਲ ਖੜੀ ਕਰ ਸਕਦਾ ਹੈ। ਬੇਹਿਤਰ ਪਰਿਣਾਮ ਦੇ ਲਈ ਪਰਿਵਾਰ ਵਿਚ ਤਾਲਮੇਲ ਪੈਦਾ ਕਰੋ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਮਹਿਬੂਬ ਤੁਹਾਨੂੰ ਕਿੰਨਾ ਪਿਆਰ ਕਰਦਾ ਹੈ। ਕੰਮਕਾਰ ਵਿਚ ਆ ਰਹੇ ਬਦਲਾਅ ਦੇ ਕਾਰਨ ਤੁਹਾਨੂੰ ਲਾਭ ਮਿਲੇਗਾ। ਜਦੋਂ ਤੁਹਾਨੂੰ ਲਗਦਾ ਹੈ ਕਿ ਤੁਸੀ ਆਪਣੇ ਪਰਿਵਾਰ ਜਾਂ ਦੋਸਤਾਂ ਲਈ ਸਮਾਂ ਨਹੀਂ ਕੱਢ ਸਕਦੇ ਤਾਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਅੱਜ ਵੀ ਤੁਹਾਡੇ ਮਨ ਦੀ ਸਥਿਤੀ ਇਸੇ ਤਰਾਂ ਦੀ ਰਹਿ ਸਕਦੀ ਹੈ। ਆਪਣੇ ਜੀਵਨਸਾਥੀ ਦੇ ਨਾਲ ਅੱਜ ਤੁਸੀ ਇਕ ਸ਼ਾਨਦਾਰ ਸ਼ਾਮ ਗੁਜ਼ਾਰ ਸਕਦੇ ਹੋ।

**ਤੁਲਾ:** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਉਧਾਰ ਮੰਗਣ ਵਾਲੇ ਲੋਕਾਂ ਨੂੰ ਨਜ਼ਰਅੰਦਾਜ਼ ਕਰੋ। ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਲੋੜਾਂ ਦਾ ਧਿਆਨ ਰੱਖੋ ਅੱਜ ਤੁਹਾਡੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਆਪਣੇ ਪਿਆਰ ਦੀ ਛੋਟੀ ਮੋਟੀ ਭੁੱਲ ਨੂੰ ਅਣਦੇਖਾ ਕਰੋ। ਅੱਜ ਕੰਮ ਕਾਰ ਵਿਚ ਤੁਹਾਨੂੰ ਕੋਈ ਵਧੀਆ ਖਬਰ ਮਿਲ ਸਕਦੀ ਹੈ। ਟੀ ਵੀ ਜਾਂ ਮੋਬਾਇਲ ਦੀ ਬਹੁਤ ਜਿਆਦਾ ਵਰਤੋਂ ਦੇ ਨਤੀਜੇ ਵੱਜੋਂ ਸਮਾਂ ਖਰਾਬ ਹੋ ਸਕਦਾ ਹੈ। ਤੁਹਾਡੇ ਆਸ ਪਾਸ ਦੇ ਲੋਕ ਕੁਝ ਅਜਿਹਾ ਕਰ ਸਕਦੇ ਹਨ ਜੋ ਤੁਹਾਡੇ ਜੀਵਨ ਸਾਥੀ ਨੂੰ ਤੁਹਾਡੇ ਲਈ ਆਕਰਸ਼ਿਤ ਮਹਿਸੂਸ ਕਰੇਗਾ।

**ਬ੍ਰਿਸ਼ਚਕ :** ਅੱਜ ਯਾਤਰਾ ਕਰਨ ਤੋਂ ਬਚੋ ਕਿਉਂ ਕਿ ਇਸ ਦੇ ਚੱਲਦੇ ਤੁਸੀ ਥਕਾਵਟ ਅਤੇ ਤਨਾਵ ਮਹਿਸੂਸ ਕਰੋਂਗੇ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਆਪਣੇ ਬੱਚਿਆਂ ਦੇ ਨਾਲ ਕੁਝ ਸਮਾਂ ਬਿਤਾਉਣ ਉਨਾਂ ਨੂੰ ਚੰਗੇ ਸੰਸਕਾਰ ਦੇਣ ਅਤੇ ਉਨਾਂ ਦੀ ਜਿੰਮੇਦਾਰੀ ਸਮਝਣ ਦੀ ਲੋੜ ਹੈ। ਅੱਜ ਤੁਹਾਡੀ ਪਿਆਰ ਕਹਾਣੀ ਇਕ ਨਵਾਂ ਮੋੜ ਲੈ ਸਕਦੀ ਹੈ ਤੁਹਾਡਾ ਸਾਥੀ ਅੱਜ ਤੁਹਾਡੇ ਨਾਲ ਵਿਆਹ ਨੂੰ ਲੈ ਕੇ ਗੱਲ ਕਰ ਸਕਦਾ ਹੈ ਅਜਿਹੇ ਵਿਚ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਸੋਚ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਤੁਸੀ ਦਿਨ ਨੂੰ ਵਧੀਆ ਤਰੀਕੇ ਰਾਹੀਂ ਭਾਵ ਰੋਚਕ ਮੈਗਜ਼ੀਨ ਜਾਂ ਨਾਵਲ ਪੜ੍ਹ ਕੇ ਬਤੀਤ ਕਰ ਸਕਦੇ ਹੋ। ਤੁਹਾਡਾ ਜੀਵਨਸਾਥੀ ਅੱਜ ਸੱਚਮੁਚ ਵਧੀਆ ਮੂਡ ਵਿਚ ਹੈ। ਤੁਹਾਨੂੰ ਵਧੀਆ ਤੋਹਫਾ ਦੇ ਸਕਦਾ ਹੈ।

**ਧਨੂੰ:** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਚੰਦਰ ਦੀ ਸਥਿਤੀ ਦੀ ਵਜਾਹ ਨਾਲ ਅੱਜ ਤੁਹਾਡਾ ਪੈਸਾ ਬੇਵਜਾਹ ਦੀਆਂ ਚੀਜਾਂ ਤੇ ਖਰਚ ਹੋ ਸਕਦਾ ਹੈ ਜੇਕਰ ਤੁਹਾਨੂੰ ਪੈਸਾ ਇਕੱਠਾ ਕਰਨਾ ਹੈ ਤਾਂ ਆਪਣੇ ਜੀਵਨ ਸਾਥੀ ਜਾਂ ਮਾਤਾ ਪਿਤਾ ਨਾਲ ਇਸ ਬਾਰੇ ਗੱਲ ਕਰੋ। ਪਰਿਵਾਰਿਕ ਤਣਾਵਾਂ ਨੂੰ ਆਪਣੀ ਇਕਗਰਤਾ ਨਾ ਠੱਪ ਕਰਨ ਦਿਉ ਮਾੜਾ ਸਮਾਂ ਕਾਫੀ ਕੁਝ ਸਿਖਾਉਂਦਾ ਹੈ ਸਵੈ ਤਰਸ ਵਿਚ ਉਲਝੇ ਪਲ ਨੂੰ ਬਰਬਾਦ ਨਾ ਕਰੋ ਪਰ ਕੋਸ਼ਿਸ਼ ਕਰੋ ਕਿ ਜ਼ਿੰਦਗੀ ਦੇ ਸਬਕ ਨੂੰ ਜਾਣੋ। ਅੱਜ ਤੁਸੀ ਆਪਣੇ ਪਿਆਰ ਨਾਲ ਕਿਤੇ ਘੁੰਮਣ ਦੀ ਯੋਜਨਾ ਬਣਾਉਂਗੇ ਪਰੰਤੂ ਕਿਸੇ ਜਰੂਰੀ ਕੰਮ ਦੇ ਆਉਣ ਦੀ ਵਜਾਹ ਨਾਲ ਇਹ ਯੋਜਨਾ ਨਹੀਂ ਹੋ ਪਾਵੇਗੀ ਜਿਸ ਦੀ ਵਜਾਹ ਨਾਲ ਤੁਹਾਡੇ ਦੋਵਾਂ ਵਿਚ ਕਹਿਸੁਣੀ ਹੋ ਸਕਦੀ ਹੈ। ਕੰਮਕਾਰ ਵਿਚ ਅੱਜ ਤੁਸੀ ਆਪਣੇ ਕੰਮ ਵਿਚ ਪ੍ਰਗਤੀ ਦੇਖੋਂਗੇ। ਤੁਹਾਡੇ ਕੋਲ ਅੱਜ ਸਮਾਜੀਕਰਨ ਅਤੇ ਉਨਾਂ ਚੀਜਾਂ ਦੀ ਪਾਲਣਾ ਕਰਨ ਲਈ ਵਿਹਲਾ ਸਮਾਂ ਹੈ ਜਿਨਾਂ ਨੂੰ ਤੁਸੀ ਸਭ ਤੋਂ ਵੱਧ ਪਸੰਦ ਕਰਦੇ ਹੋ। ਤੁਹਾਡੇ ਸਥਾਨ ਤੇ ਕਿਸੇ ਬੱਚੇ ਜਾਂ ਸੀਨੀਅਰ ਨਾਗਰਿਕ ਦੀ ਖਰਾਬ ਸਿਹਤ ਤੁਹਾਨੂੰ ਤਣਾਵ ਦੇ ਸਕਦੀ ਹੈ ਇਸ ਦਾ ਸਿੱਧਾ ਪ੍ਰਭਾਵ ਤੁਹਾਡੀ ਵਿਆਹੁਤ ਜੀਵਨ ਤੇ ਪਵੇਗਾ।

**ਮਕਰ :** ਆਪਣੀ ਇਛਾਵਾਂ ਦੀ ਪੂਰਤੀ ਲਈ ਵਿਅਕਤੀਗਤ ਸਬੰਧਾਂ ਦਾ ਇਸਤੇਮਾਲ ਕਰਨਾ ਤੁਹਾਡੇ ਜੀਵਨਸਾਥੀ ਨੂੰ ਨਾਰਾਜ਼ ਕਰ ਸਕਦੀ ਹੈ। ਅੱਜ ਤੁਹਾਨੂੰ ਆਪਣੇ ਭਰਾ ਅਤੇ ਭੈਣ ਦੀ ਮਦਦ ਨਾਲ ਧੰਨ ਲਾਭ ਹੋਣ ਦੀ ਸੰਭਾਵਨਾ ਹੈ। ਇਕ ਪਰਿਵਾਰਿਕ ਪਰਿਯੋਜਨਾ ਵਿਚ ਤੁਸੀ ਸਭ ਧਿਆਨ ਦਾ ਕੇਂਦਰ ਹੋਣਗੇ। ਤੁਹਾਡਾ ਪਿਆਰਾ ਪਾਰਟਨਰ ਅੱਜ ਤੁਹਾਨੂੰ ਖੂਬਸੂਰਤੀ ਵਾਲਾ ਤੋਹਫਾ ਦੇ ਸਕਦਾ ਹੈ। ਕੰਮਕਾਰ ਵਿਚ ਆ ਰਹੇ ਬਦਲਾਅ ਦੇ ਕਾਰਨ ਤੁਹਾਨੂੰ ਲਾਭ ਮਿਲੇਗਾ। ਜਾਣਕਾਰਾਂ ਨਾਲ ਗੱਲ ਕਰਨਾ ਠੀਕ ਹੈ ਪਰ ਉਨਾਂ ਦੇ ਇਰਾਦਿਆਂ ਨੂੰ ਜਾਣੇ ਬਿਨਾਂ ਤੁਹਾਡੇ ਸਭ ਤੋਂ ਡੂੰਘੇ ਰਾਜ਼ਾਂ ਨੂੰ ਸਾਝਾਂ ਕਰਨਾ ਤੁਹਾਡੇ ਸਮੇਂ ਅਤੇ ਵਿਸ਼ਵਾਸ਼ ਦੀ ਬਰਬਾਦੀ ਹੈ। ਰਿਸ਼ਤੇ ਉੱਪਰ ਸਵਰਗ ਵਿਚ ਬਣਦੇ ਹਨ ਅੱਜ ਤੁਹਾਡਾ ਜੀਵਨਸਾਥੀ ਇਹ ਸਾਬਿਤ ਕਰੇਗਾ।

**ਕੁੰਭ:** ਕੁਝ ਤਣਾਅ ਅਤੇ ਮਤਭੇਦ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਬਣਾ ਸਕਦਾ ਹੈ। ਅੱਜ ਤੁਹਾਡੇ ਭੈਣ ਭਰਾ ਤੁਹਾਡੇ ਤੋਂ ਆਰਥਿਕ ਮਦਦ ਮੰਗ ਸਕਦੇ ਹਨ ਪਰ ਮਦਦ ਕਰਕੇ ਤੁਸੀ ਆਰਧਿਕ ਦਬਾਅ ਵਿਚ ਆ ਸਕਦੇ ਹੋ ਹਾਲਾਂ ਕਿ ਜਲਦ ਹੀ ਸਥਿਤੀ ਵਿਚ ਸੁਧਾਰ ਹੋਵੇਗਾ। ਤੁਹਾਨੂੰ ਖੁਸ਼ ਰੱਖਣ ਦੇ ਲਈ ਮਾਤਾ ਪਿਤਾ ਅਤੇ ਦੋਸਤ ਪੂਰੀ ਕੋਸ਼ਿਸ਼ ਕਰਨਗੇ। ਅੱਜ ਇਕ ਪੋਦਾ ਲਗਾਉ। ਸਾਂਝੀਦਾਰੀ ਨਾਲ ਸੋਦਾ ਕਾਇਮ ਕਰਨਾ ਬਹੁਤ ਸਖ਼ਤ ਸਿੱਧ ਹੋਵੇਗਾ। ਅੱਜ ਖਾਲੀ ਸਮੇਂ ਦਾ ਉਪਯੋਗ ਕਰਨ ਦੇ ਲਈ ਤੁਹਾਡੇ ਹੱਥ ਹੈ ਕਿ ਤੁਸੀ ਦੋਸਤਾਂ ਨਾਲ ਮਿਲਣ ਦੀ ਯੋਜਨਾ ਵੀ ਬਣਾ ਸਕਦੇ ਹੋ। ਲੋਕਾਂ ਦੀ ਦਖਲ ਅੰਦਾਜ਼ੀ ਕਾਰਨ ਵਿਆਹੁਤ ਸੰਬੰਧਾ ਵਿਚ ਮੁਸ਼ਕਿਲ ਖੜੀ ਹੋ ਸਕਦੀ ਹੈ।

**ਮੀਨ:** ਤੁਹਾਡੇ ਪਰਿਵਾਰ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਹਨ ਜਿਸਦੇ ਚੱਲਦੇ ਤੁਸੀ ਖਿੱਝ ਮਹਿਸੂਸ ਕਰ ਸਕਦੇ ਹੋ। ਨਵੇਂ ਇਕਰਾਰਨਾਮੇ ਲਾਭਦਾਇਕ ਦਿਖ ਸਕਦੇ ਹਨ ਪਰੰਤੂ ਉਹ ਉਮੀਦ ਦੇ ਮੁਤਾਬਿਕ ਲਾਭ ਨਹੀਂ ਪਹੁੰਚਣਗੇ ਨਿਵੇਸ਼ ਕਰਦੇ ਸਮੇਂ ਜਲਦਬਾਜ਼ੀ ਵਿਚ ਫੈਂਸਲੇ ਨਾ ਲਵੋ। ਸਮੱਸਿਆਵਾਂ ਨੂੰ ਦਿਮਾਗ ਤੋਂ ਬਾਹਰ ਕੱਢ ਦੇਵੋ ਅਤੇ ਘਰ ਤੇ ਦੋਸਤਾਂ ਦੇ ਵਿਚ ਆਪਣੀ ਸਥਿਤੀ ਸੁਧਾਰਨ ਬਾਰੇ ਸੋਚੋ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਤੁਸੀ ਸਖਤ ਮਿਹਨਤ ਅਤੇ ਧੀਰਜ ਦੇ ਬਲ ਤੇ ਆਪਣੇ ਉਦੇਸ਼ ਨੂੰ ਹਾਸਿਲ ਕਰ ਸਕਦੇ ਹੋ। ਲੋੜਵੰਦਾਂ ਦੀ ਸਹਾਇਤਾ ਕਰਨ ਦੀ ਤੁਹਾਡੀ ਯੋਗਤਾ ਤੁਹਾਡੇ ਲਈ ਸਤਿਕਾਰ ਲਿਆਵੇਗੀ। ਤੁਸੀ ਅੱਜ ਵਿਆਹੇ ਹੋਣ ਲਈ ਖੁਸ਼ਕਿਸਮਤ ਮਹਿਸੂਸ ਕਰ ਰਹੇ ਹੋ।

# ਆਖ਼ਿਰ ਕਦ ਰੁਕੇਗਾ ਸੋਸ਼ਲ ਮੀਡੀਏ ਰਾਹੀਂ ਠੱਗੀ ਦਾ 'ਗੋਰਖ ਧੰਦਾ'?

## ਹੁਣ ਤੱਕ ਦਰਜਨਾਂ ਵਿਅਕਤੀ ਬਣ ਚੁੱਕੇ ਨੇ ਠੱਗਾਂ ਦਾ ਸ਼ਿਕਾਰ



- ਕਾਫੀ ਸਮਾਂ ਪਹਿਲਾਂ ਮੋਬਾਇਲ ਫੋਨ ਜ਼ਰੀਏ ਭੋਲੇ-ਭਾਲੇ ਲੋਕਾਂ ਨੂੰ ਮੂਰਖ ਬਣਾ ਕੇ ਠੱਗਣ ਦਾ ਸਿਲਸਿਲਾ ਤਾਂ ਆਮ ਸੁਣਨ ਤੇ ਪੜ੍ਹਨ ਨੂੰ ਮਿਲ ਜਾਂਦਾ ਸੀ ਪਰ ਹੁਣ ਸੋਸ਼ਲ ਮੀਡੀਆ ਦੇ ਵੱਟਸਅਪ, ਮਸ਼ੈਜਰ, ਟਵਿੱਟਰ, ਇੰਸਟਾਗ੍ਰਾਮ ਆਦਿ ਤੇ ਬਣੇ ਅਕਾਉਂਟਾਂ ਦੇ ਜ਼ਰੀਏ ਕਿਸੇ ਵੀ 'ਖ਼ਾਸ ਸ਼ਖ਼ਸੀਅਤ' ਨੂੰ ਨਿਸ਼ਾਨਾ ਬਣਾ ਕੇ ਆਪਣੇ ਜਾਲ ਵਿੱਚ ਫਸਾਉਂਦਿਆਂ ਸ਼ਾਤਰ ਕਿਸਮ ਦੇ ਲੋਕਾਂ ਵੱਲੋਂ ਸ਼ੁਰੂ ਕੀਤਾ ਬਲੈਕਮੇਲਿੰਗ ਦਾ ਸਿਲਸਿਲਾ ਲੋਕਾਂ ਦੀ ਇੱਜ਼ਤ ਲਈ ਕਿਸੇ 'ਬਰੂਦ ਦੇ ਢੇਰ' ਤੋਂ ਘੱਟ ਨਹੀਂ ਜਾਪ ਰਿਹਾ । ਇਸ ਅਜੀਬ ਕਿਸਮ ਦੇ ਕਿੱਸੇ ਦੀ ਸ਼ੁਰੂਆਤ ਇੱਕ ਲੜਕੀ ਵੱਲੋਂ ਕਿਸੇ 'ਖ਼ਾਸ ਸ਼ਖ਼ਸੀਅਤ' ਨੂੰ ਕੀਤੀ ਵੀਡੀਓ ਕਾਲ ਜ਼ਰੀਏ ਸ਼ੁਰੂ ਹੁੰਦੀ ਹੈ। ਮਨੁੱਖੀ ਸੁਭਾਅ ਦੀ ਫ਼ਿਤਰਤ ਦੇ ਚਲਦਿਆਂ ਇਹ ਆਮ ਗੱਲਬਾਤ ਹੌਲੀ-ਹੌਲੀ 'ਖਾਸ ਰੂਪ' ਧਾਰਨ ਕਰਨ ਤੋਂ ਬਾਅਦ ਅਸ਼ਲੀਲ ਵੀਡੀਓਜ਼ ਤਕ ਜਾ ਪਹੁੰਚਦੀ ਹੈ। ਇਸ ਸਾਰੇ ਘਟਨਾਕ੍ਰਮ ਦੀ ਇੱਕ ਅਹਿਮ ਗੱਲ ਹੈ ਕਿ ਇਸ ਗੋਰਖਧੰਦੇ ਵਿੱਚ ਫਸਣ ਵਾਲੇ ਲੋਕ ਕੋਈ ਆਮ ਨਹੀਂ ਖਾਸ ਹਨ ।

ਕਿਸੇ ਲੜਕੀ ਨਾਲ ਪਿਆਰ ਮੁਹੱਬਤ ਦੇ ਕਿੱਸੇ ਵਿਚ ਉਲਝ ਕੇ ਜਿਉਂ ਹੀ ਕੋਈ ਇਨਸਾਨ ਨਿਰਵਸਤਰ ਹੋ ਕੇ ਇਸ ਠੱਗ ਗਰੋਹ ਦੇ ਅੰਦਰੂਨੀ ਕੈਮਰੇ ਵਿਚ ਕੈਦ ਹੋ ਜਾਂਦਾ ਹੈ ਤਾਂ ਫਿਰ ਹੁੰਦੀ ਹੈ ਬਲੈਕਮੇਲਿੰਗ ਦੀ ਸ਼ੁਰੂਆਤ। ਇਸ ਕਿੱਸੇ ਦਾ ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਕਿ ਇਨ੍ਹਾਂ ਠੱਗਾਂ ਵੱਲੋਂ ਸਿਰਫ਼ ਤੇ ਸਿਰਫ਼ ਵੱਡੀਆਂ ਸ਼ਖ਼ਸੀਅਤਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹੈ ਜਿਨ੍ਹਾਂ ਵਿਚ ਲੀਡਰ, ਅਫ਼ਸਰ ਤੇ ਅਮੀਰ ਵਿਅਕਤੀ ਸ਼ਾਮਲ ਹਨ। ਸਿਤਮ ਦੀ ਗੱਲ ਹੈ ਕਿ ਇਨ੍ਹਾਂ ਸ਼ਾਤਰ ਲੋਕਾਂ ਵੱਲੋਂ ਇਨ੍ਹਾਂ ਦੇ ਸ਼ਿਕੰਜੇ ਵਿਚ ਆਏ ਸ਼ਿਕਾਰ ਦੀ ਵੀਡੀਓ ਉਸੇ ਵਿਅਕਤੀ ਨੂੰ ਵਾਪਸ ਉਸੇ ਦੇ ਸੋਸ਼ਲ ਅਕਾਊਂਟ ਤੇ ਭੇਜ ਦਿੱਤੀ ਜਾਂਦੀ ਹੈ ਜਿਸ ਨੂੰ ਵੇਖ ਉਸ ਵਿਅਕਤੀ ਦੇ ਹੋਸ਼ ਉੱਡ ਜਾਂਦੇ ਹਨ । ਬਲੈਕ ਮੇਲਿੰਗ ਦੀ ਸ਼ੁਰੂਆਤ ਮਹਿਜ਼ 5 ਜਾਂ 10 ਹਜ਼ਾਰ ਤੋਂ ਕੀਤੀ ਜਾਂਦੀ ਹੈ ਜੋ ਬਾਅਦ ਵਿੱਚ ਲੱਖਾਂ ਤਕ ਜਾ ਪਹੁੰਚਦੀ ਹੈ ਬਹੁਤ ਸਾਰੇ ਵਿਅਕਤੀਆਂ ਤੋਂ ਪੈਸੇ ਲੈਣ ਤੋਂ ਬਾਅਦ ਵੀ ਇਸ ਗਰੋਹ ਵੱਲੋਂ ਉਨ੍ਹਾਂ ਦੀਆਂ ਵੀਡੀਓਜ਼ ਜਨਤਕ ਕੀਤੀਆਂ ਜਾ ਰਹੀਆਂ ਹਨ। ਇਸ ਗਰੋਹ ਦਾ ਸ਼ਿਕਾਰ ਹੋਏ ਲੋਕ ਆਪਣੇ ਪਰਿਵਾਰ ਅਤੇ ਸਮਾਜ ਵਿੱਚ ਕਿਸ ਤਰ੍ਹਾਂ ਵਿਚਰਦੇ ਹੋਣਗੇ ਕਹਿਣ ਦੀ ਲੋੜ ਨਹੀਂ ।

ਹੁਣ ਤੱਕ ਕਈ ਖ਼ਾਸ ਸ਼ਖ਼ਸੀਅਤਾਂ ਨੂੰ ਇਨ੍ਹਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ ਅਤੇ ਕਈ ਦੀਆਂ ਵੀਡੀਓਜ਼ ਵੀ ਵਾਇਰਲ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਲੀਡਰ, ਪੁਲਿਸ ਅਫਸਰ ਵੀ ਸ਼ਾਮਲ ਹਨ। ਇਸ ਸਬੰਧੀ ਸੋਸ਼ਲ ਮੀਡੀਆ ਦੇ ਮਾਹਰਾਂ ਨਾਲ ਗੱਲ ਕਰੋ ਤੋਂ ਉਹ ਕਹਿੰਦੇ ਹਨ ਸਭ ਤੋਂ ਪਹਿਲਾਂ ਤਾਂ ਹਰ ਇਨਸਾਨ ਨੂੰ ਆਪਣੇ ਪਰਿਵਾਰ ਪ੍ਰਤੀ ਸਮਰਪਿਤ ਰਹਿੰਦਿਆਂ ਇਨ੍ਹਾਂ ਗੱਲਾਂ ਤੋਂ ਦੂਰ ਰਹਿਣ ਦੀ ਲੋੜ ਹੈ ਜੇਕਰ ਫਿਰ ਵੀ ਕੋਈ ਇਨਸਾਨ ਇਸ ਠੱਗ ਗਿਰੋਹ ਦਾ ਸ਼ਿਕਾਰ ਬਣਦਾ ਹੈ ਤਾਂ ਉਸ ਨੂੰ ਪੈਸੇ ਦੇਣ ਦੀ ਬਜਾਏ ਇਨ੍ਹਾਂ ਨਾਲੋਂ ਆਪਣਾ ਨਾਤਾ ਤੋੜਨ ਵਿੱਚ ਹੀ ਭਲਾਈ ਹੈ। ਇਸ ਸਬੰਧੀ ਪੁਲਿਸ ਅਧਿਕਾਰੀਆਂ ਕਹਿਣਾ ਹੈ ਕਿ ਅਜਿਹੇ ਕਿਸੇ ਵੀ ਗਿਰੋਹ ਦੀਆਂ ਤਾਰਾਂ ਦੇਸ਼ ਦੇ ਹੋਰਨਾਂ ਸੂਬਿਆਂ ਜਾਂ ਨੈੱਟਵਰਕ ਜ਼ਰੀਏ ਵਿਦੇਸ਼ਾਂ ਨਾਲ ਜੁੜੀਆਂ ਹੋਣ ਕਰਕੇ ਇਹ ਸ਼ਾਤਰ ਲੋਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਹੁਣ ਆਮ ਲੋਕਾਂ ਅੰਦਰ ਵੀ ਅਜਿਹੀਆਂ ਘਟਨਾਵਾਂ ਦੀ ਚਰਚਾ ਆਮ-ਏ -ਹਾਲਾਤ ਸੁਣਾਈ ਦੇਣ ਲੱਗੀ ਹੈ।

ਬੀਤੇ ਸਮੇਂ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਪਾਇਲ ਦੇ ਪਿੰਡ ਅੰਦਰ ਜਾਅਲੀ ਆਈਡੀਆਂ ਬਣਾ ਕੇ ਆਮ ਲੋਕਾਂ ਦੀ ਲੁੱਟ ਦੇ ਨਾਲ-ਨਾਲ ਸਿਆਸੀ ਆਗੂਆਂ ਦੀ ਕਿਰਦਾਰਕੁਸ਼ੀ ਕਰਨ ਦਾ ਮਾਮਲਾ ਵੀ ਲੰਮਾਂ ਸਮਾਂ ਚਰਚਾ ਵਿੱਚ ਰਿਹਾ। ਪੀੜਤਾਂ ਵਲੋਂ ਭਾਵੇਂ ਪੁਲਿਸ ਤੱਕ ਕਈ ਵਾਰ ਉਨ੍ਹਾਂ ਵਿਆਕਤੀਆਂ ਉਪਰ ਕਾਰਵਾਈ ਲਈ ਪਹੁੰਚ ਕੀਤੀ ਗਈ ਪਰ ਉਕਤ ਮਾੜੇ ਅਨਸਰਾਂ ਦੇ ਸਿਰ ਤੇ ਇੱਕ ਵੱਡੇ ਸਿਆਸੀ ਆਗੂ ਦਾ ਹੱਥ ਹੋਣ ਕਾਰਨ ਇਹ ਮਾਮਲਾ ਵੀ 'ਸਿਆਸੀ ਧੂੜ' ਅੰਦਰ ਗਵਾਚ ਗਿਆ । ਅਜਿਹੇ ਮਾਮਲਿਆਂ ਤੇ ਭਾਵੇਂ ਪ੍ਰਸ਼ਾਸਨ ਵੱਲੋਂ ਸ਼ਖਤੀ ਨਾਲ ਕਾਰਵਾਈ ਕਰਨ ਦੀ ਬਿਉਂਤ ਤਾਂ ਬਣਾਈ ਜਾਂਦੀ ਹੈ । ਪਰ ਉੱਪਰਲੇ ਸਿਆਸੀ ਆਕਾਵਾਂ ਦੀ ਬਦੋਲਤ ਇਹ ਵਿਅਕਤੀ ਬਚ ਨਿਕਲਦੇ ਹਨ।

ਪਰ ਸੁਆਲ ਇਹ ਉੱਠਦਾ ਹੈ ਮੇਰੇ ਇਸ ਮਹਾਨ ਦੇਸ਼ ਅੰਦਰ ਕੁਝ ਵੀ ਸੇਫ ਨਹੀਂ ਕੋਈ ਵੀ ਕਿਸੇ ਨੂੰ ਜਿੰਨਾ ਮਰਜ਼ੀ ਮੂਰਖ ਜਾਂ ਬੇਵਕੂਫ਼ ਬਣਾ ਕੇ ਉਸ ਨੂੰ ਲੁੱਟ ਲਵੇ ਕਿਸੇ ਨੂੰ ਕਿਸੇ ਨਾਲ ਕੋਈ ਸਾਰੋਕਾਰ ਨਹੀਂ। ਸਰਕਾਰ ਆਪਣਾ ਕੰਮ ਬੜੀ ਮਸਤ ਚਾਲ ਨਾਲ ਕਰ ਰਹੀ ਹੈ। ਲੋਕਾਈ ਅੰਦਰ ਕੂਕਾਂ ਰੌਲੀ ਅਤੇ ਦੁੱਖ ਦਰਦਾਂ ਦੀ ਦਾਰੂ ਬਣ ਕੇ ਕੋਈ ਵੀ ਵਿਚਰ ਨਹੀਂ ਰਿਹਾ। ਹੈਰਾਨੀ ਹੁੰਦੀ ਹੈ ਕਿ ਅਸੀਂ ਰੀਸਾਂ ਤਾਂ ਹੋਰਨਾਂ ਮੁਲਕਾਂ ਦੀਆਂ ਕਰ ਰਹੇ ਹਾਂ ਪਰ ਇੱਥੇ ਹੋ ਕੀ ਰਿਹਾ ਕੋਈ ਵੀ ਵੇਖਣ ਦਾ ਯਤਨ ਨਹੀਂ ਕਰ ਰਿਹਾ ਜਾਂ ਫਿਰ ਜਾਣ ਬੁੱਝ ਕੇ ਅੰਨ੍ਹੇ ਬਣਨ ਦੀ ਕਹਾਣੀ ਚੱਲ ਰਹੀ। ਕੋਈ ਅਬਲਾ ਜਾਂ ਮਾਸੂਮ ਬੱਚੀ ਸੇਫ ਨਹੀਂ ਕਿਸੇ ਨੂੰ ਕਿਸੇ ਦਾ ਕੋਈ ਡਰ ਨਹੀਂ ਰਿਹਾ ਹਰ ਕੋਈ ਆਪਣਾ ਉੱਲੂ ਸਿੱਧਾ ਕਰਨ ਦਾ ਯਤਨ ਕਰ ਰਿਹਾ ਹੈ। ਜੇਕਰ ਸੇਫ ਨੇ ਤਾਂ ਸਿਰਫ਼ ਲੁੱਟਣ ਤੇ ਕੁੱਟਣ ਵਾਲੇ ਲੋਕ ਦਿਨ ਦਿਹਾੜੇ ਧੀਆਂ ਧਿਆਣੀਆਂ ਦੀਆਂ ਇੱਜ਼ਤਾਂ ਨੂੰ ਲੁੱਟ ਕੇ ਉਨ੍ਹਾਂ ਨੂੰ ਮਧੋਲਿਆ ਜਾ ਰਿਹੈ। ਸ਼ਰੀਫ਼ ਲੋਕਾਂ ਦੀਆਂ ਇੱਜ਼ਤਾਂ ਨੂੰ ਚੁਰਾਹਿਆਂ ਵਿੱਚ ਰੋਲ ਕੇ ਉਛਾਲਣ ਦੀ ਪਿਰਤ ਵੀ ਇੱਥੇ ਕੋਈ ਨਵੀਂ ਨਹੀਂ ਕਿਸੇ ਸ਼ਾਇਰ ਦਾ ਲਿਖਿਆ ਇਕ ਸ਼ਿਅਰ ਵਾਰ ਵਾਰ ਯਾਦ ਆ ਰਿਹੈ ਕਿ ਇਸ ਰੰਗਲੀ ਧਰਤੀ ਦਾ ਕੋਈ ਕੋਈ ਦਰਦੀ ਦਿਖਦਾ ਨਾ।



ਮਨਜਿੰਦਰ ਸਿੰਘ ਸਰੌਦ
ਮੋ. 94634-63136

# ਪੱਖੀ

ਗਰਮੀ ਦੀ ਦੁਪਿਹਰ ਸੀ, 'ਤੇ ਚਿਲਕਦੀ ਧੁੱਪ ਸੀ,
ਪੱਤਾ ਵੀ ਨਾ ਹਿੱਲਦਾ ਸੀ, ਹੋਇਆ ਡਾਢਾ ਹੁੱਟ ਸੀ।
ਸੜਕ ਦੇ ਦੋਨੋਂ ਪਾਸੇ, ਸੰਘਣੇ ਬੜੇ ਰੁੱਖ ਸੀ,
ਗਰਮੀ ਤੋਂ ਬਚਣ ਦਾ, ਵਧੀਆ ਇਹ ਢੁੱਕ ਸੀ।

ਮੈਂ ਆਪਣੇ ਧਿਆਨ ਵਿੱਚ, ਛਾਵੇਂ ਟਹਿਲ ਰਿਹਾ ਸਾਂ,
ਕੁਦਰਤੀ ਇਕੱਲਤਾ ਦਾ, ਆਨੰਦ ਮਾਣ ਰਿਹਾ ਸਾਂ।
ਅਚਾਨਕ ਹੀ ਪਿੱਛੋਂ ਇੱਕ, ਯੁਵਤੀ ਜੋ ਆਈ ਸੀ,
ਹੱਥ ਵਿੱਚ ਪੱਖੀ, ਜਿਸ 'ਤੇ ਸੁੰਦਰ ਕਢਾਈ ਸੀ।

ਮੇਰੇ ਕੋਲ ਆਕੇ ਉਹਨੇ, ਬਾਂਹ 'ਚ ਬਾਂਹ ਪਾ ਲਈ,
ਤਸੱਲੀ ਵਾਲਾ ਹੋਕਾ ਲੈਕੇ, ਪੱਖੀ ਝੱਲ ਲਾ ਲਈ।
ਕਹਿਣ ਲੱਗੀ ਮੈਂ ਤੈਨੂੰ, ਸਾਲਾਂ ਤੋਂ ਹਾਂ ਜਾਣਦੀ,
ਮੰਨੇ ਤੂੰ ਭਾਵੇਂ ਨਾ, ਤੇਰੀ ਆਵਾਜ਼ ਹਾਂ ਪਛਾਣਦੀ।

ਰੇਡੀਓ 'ਤੇ ਤੇਰੇ ਮੈਂ, ਪ੍ਰੋਗਰਾਮ ਸਾਰੇ ਸੁਣੇ ਨੇ,
ਵਿਚਾਰ ਤੇਰੇ ਸੁਣ ਮੇਰੇ, ਸਿੱਧੇ ਪਏ ਗੁਣੇ ਨੇ।
ਮੇਰੀ ਸਾਰੀ ਜਿੰਦੜੀ ਹੀ, ਪਹਿਲਾਂ ਡਾਵਾਂ ਡੋਲ ਸੀ,
ਕਈ ਪੁੱਠੇ ਸਿੱਧੇ ਮੇਰੀ, ਜ਼ਿੰਦਗੀ ਦੇ ਘੋਲ਼ ਸੀ।

ਅਚਾਨਕ ਇੱਕ ਦਿਨ ਤੇਰਾ, ਸੁਣਿਆ ਵਿਚਾਰ ਸੀ,
ਜਿਸ ਤੋਂ ਹੌਲੀ ਹੌਲੀ, ਮੇਰਾ ਬਦਲਿਆ ਆਚਾਰ ਸੀ।
ਸੱਚ ਪੁੱਛੇਂ ਮੇਰੇ ਲਈ ਤੂੰ, ਬਣਿਆ ਮਸੀਹਾ ਸੀ,
'ਤੇ ਮੇਰੀ ਜ਼ਿੰਦਗੀ ਚੋਂ ਮੁੱਕ, ਗਿਆ ਹਰ ਤਸੀਹਾ ਸੀ।

ਚਾਹੁੰਦੀ ਸਾਂ ਮੈਂ ਤੈਨੂੰ ਮਿਲ, ਦੱਸ ਦੇਵਾਂ ਗੱਲ ਸਾਰੀ,
ਖੁਸ਼ੀ ਮੈਨੂੰ ਹੋਰ ਮਿਲੇ, ਜਾਵਾਂ ਤੈਥੋਂ ਬਲਿਹਾਰੀ।
ਮੇਰੇ ਧੰਨ ਭਾਗ ਅੱਜ, ਤੂੰ ਹੈਂ ਮੈਨੂੰ ਮਿਲ ਗਿਆ,
ਮੇਰੀ ਹਰ ਘਾਲਣਾ ਦਾ, ਫਲ ਅੱਜ ਪੱਲੇ ਪਿਆ।

ਤੇਰੇ ਅਹਿਸਾਨਾਂ ਦਾ, ਬਦਲਾ ਚੁਕਾਉਣ ਲਈ,
ਮੇਰੀ ਇਹ ਨਿਸ਼ਾਨੀ ਰੱਖ, ਮੇਰੀ ਯਾਦ ਆਉਣ ਲਈ।
ਫੜ ਲੈ ਇਹ ਪੱਖੀ, ਅਤੇ ਝੱਲੇਂਗਾ ਤੂੰ ਜਦੋਂ ਕਦੀ,
ਠੰਢੀ ਹਵਾ ਮੇਰੇ ਵਲੋਂ, ਆਏਗੀ ਫਿਰ ਬਦੋ ਬਦੀ।

ਇੰਨਾਂ ਕਹਿ ਕੇ ਸੁੰਦਰੀ ਉਹ, ਸੜਕ ਪਾਰ ਕਰ ਗਈ,
ਗੱਲਾਂ ਗੱਲਾਂ ਵਿੱਚ ਮੈਨੂੰ, ਠੰਢਾ ਠਾਰ ਕਰ ਗਈ।
ਪੱਖੀ ਹੱਥ ਫੜੀ ਖੜ੍ਹਾ, ਰਹਿ ਗਿਆ ਅਵਾਕ ਮੈਂ,
ਨਾ ਕੋਈ ਸਵਾਲ ਕੀਤਾ, ਨਾ ਦਿੱਤਾ ਕੋਈ ਜਵਾਬ ਮੈਂ।

ਸਕਤੇ ਵਿੱਚ ਆ ਕੇ ਮੈਂ, ਸੁੰਨ ਹੋਇਆ ਖੜ੍ਹਾ ਸੀ,
ਸੱਚਮੁੱਚ ਉਸ 'ਤੇ ਮੈਨੂੰ, ਤਰਸ ਆਇਆ ਬੜਾ ਸੀ।
ਤਰਸਵਾਨ ਅੱਖਾਂ ਤੋਂ, ਉਹ ਅਲੋਪ ਝੱਟ ਹੋ ਗਈ,
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।

ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ.ਕੇ

# ਰੀਤੀ-ਰਿਵਾਜ ਖੁਸ਼ਹਾਲ ਜੀਵਨ ਦਾ ਅਨਮੋਲ ਖਜ਼ਾਨਾ ਹਨ



ਰੀਤੀ ਰਿਵਾਜ ਮਨੁੱਖੀ ਜੀਵਨ ਦਾ ਵਿਸ਼ੇਸ਼ ਤੇ ਅਨਿੱਖੜਵਾਂ ਅੰਗ ਹਨ, ਜਿਸ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਆਦਿ ਕਾਲ ਤੋਂ ਹੀ ਸੱਭਿਆਤਾਵਾਂ ਦਾ ਵਿਕਾਸ, ਨਿਕਾਸ ਤੇ ਪਤਨ ਦਾ ਧੁਰਾ ਇਸਦੇ ਆਲੇ- ਦੁਆਲ਼ੇ ਘੁੰਮਦਾ ਰਿਹਾ ਹੈ, ਜਿਸ ਤੋਂ ਮਨੁੱਖ ਦੇ ਕੁਦਰਤੀ ਸੁਭਾਅ ਦਾ ਸਹਿਜੇ ਹੀ ਅੰਦਾਜਾ ਲੱਗ ਜਾਂਦਾ ਹੈ।

ਸੱਭਿਆਚਾਰ ਨੂੰ ' ਸਾਹਿਤ ਦਾ ਪੰਘੂੜਾ ' ਕਿਹਾ ਜਾਂਦਾ ਹੈ ਤੇ ਸਾਹਿਤ ਮਨੁੱਖ ਦੇ ਨਿੱਜੀ ਵਲਵਲ਼ਿਆ, ਇਤਿਹਾਸ, ਮਿਥਿਹਾਸ ਤੇ ਮਨੁੱਖੀ ਰੀਤੀ- ਰਿਵਾਜਾਂ ਦੀ ਉਪਜ ਤੋਂ ਪੈਦਾ ਹੁੰਦਾ ਹੈ। ਜਿਸ ਖੇਤਰ ਦਾ ਸੱਭਿਆਚਾਰ, ਸਾਹਿਤ ਜਿੰਨ੍ਹਾਂ ਅਮੀਰ ਹੋਵੇਗਾ, ਉਸਦੇ ਰੀਤੀ -ਰਿਵਾਜ ਵੀ ਉਨ੍ਹੇ ਹੀ ਪ੍ਰਫੁਲਿਤ ਹੋਣਗੇ। ਸੱਭਿਆਤਾਵਾਂ ਬਦਲਦੀਆਂ ਰਹੀਆਂ ਹਨ, ਸੱਭਿਆਚਾਰ ਤੇ ਰੀਤੀ-ਰਿਵਾਜਾਂ ਵਿੱਚ ਸਦਾ ਹੀ ਪਰਿਵਰਤਨ ਆਉਂਦੇ ਰਹਿੰਦੇ ਹਨ ਤੇ ਆਉਂਦੇ ਵੀ ਰਹਿਣਾ ਚਾਹੀਦਾ ਹੈ , ਜੋ ਰੀਤੀ ਰਿਵਾਜਾਂ ਦੇ ਪ੍ਰਫੁਲਿਤ ਹੋਣ ਲਈ ਸ਼ੁਭ-ਸ਼ਗਨ ਹਨ। ਪਰਿਵਰਤਨ ਦਾ ਰੁਕ ਜਾਣਾ ਜਾਂ ਖੜੋਤ ਆ ਜਾਣੀ ਰੀਤੀ ਰਿਵਾਜਾਂ ਦਾ ਮਰ ਜਾਣਾ ਹੁੰਦਾ ਹੈ। ਜਿੱਥੇ ਰੀਤੀ-ਰਿਵਾਜ ਨੀਂ ਉੱਥੇ ਜੀਵਨ ਵੀ ਨੀਰਸ਼ ਹੁੰਦਾ ਹੈ। ਮਨੁੱਖ ਦੇ ਆਨੰਦਮਈ ਪਲਾਂ ਨੂੰ ਰੀਤੀ-ਰਿਵਾਜ ਹੀ ਜੀਵੰਤ ਕਰਦੇ ਹਨ, ਜੋ ਉਸ ਲਈ ਅਨਮੋਲ ਤੋਹਫ਼ਾ ਹੋ ਨਿੱਬੜਦੇ ਹਨ।


ਪੰਜਾਬ ਦੇ ਰੀਤੀ -ਰਿਵਾਜ ਬੜੇ ਅਮੀਰ ਤੇ ਉਚ-ਪਾਏ ਦੇ ਹਨ, ਜੋ ਪੂਰੇ ਵਿਸ਼ਵ ਨੂੰ ਇੱਕ ਨਵੀਂ ਸੇਧ ਤੇ ਦਿਸ਼ਾ ਪ੍ਰਦਾਨ ਕਰਦੇ ਹਨ। ਜਿਉਂ-ਜਿਉਂ ਅਸੀਂ ਪੰਜਾਬੀ ਰੀਤੀ-ਰਿਵਾਜਾਂ ਨੂੰ ਜਾਨਣ ਦੀ ਪਹਿਚਾਨਣ ਦੀ ਕੋਸ਼ਿਸ਼ ਕਰਦੇ ਹਾਂ ਤੇ ਵੱਖ-ਵੱਖ ਕਾਲ-ਖੰਡਾਂ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਸੱਚਮੁਚ ਹੀ ਆਪਣੇ ਅਮੀਰ ਰੀਤੀ ਰਿਵਾਜਾਂ ਤੇ ਬੜਾ ਮਾਣ ਮਹਿਸੂਸ ਹੁੰਦਾ ਹੈ, ਕਿ ਇਹ ਕਿਵੇਂ ਪੀੜੀਦਰ -ਪੀੜੀ ਤਰੱਕੀ ਕਰਦੇ ਹੋਏ ਸਦੀਆਂ ਤੋਂ ਰੁੜਦੇ ਹੋਏ ਅੱਜ ਸਾਡੇ ਤੱਕ ਪਹੁੰਚੇ ਹਨ। ਰੀਤੀ-ਰਿਵਾਜ ਕਿਵੇਂ ਤੇ ਕਿਉਂ ਪ੍ਰਫੁਲਿਤ ਹੋਏ ਬੜਾ ਡੂੰਘਾ ਤੇ ਅਧਿਐਨ ਖ਼ੋਜ ਕਾਰਜ ਦਾ ਵਿਸ਼ਾ ਹੈ। ਪੰਜਾਬ ਦੇ ਇਤਿਹਾਸ ਨੂੰ ਜਾਨਣ ਤੋਂ ਪਤਾ ਲੱਗਦਾ ਹੈ, ਕਿ ਇਸ ਦੀਆਂ ਜੜ੍ਹਾਂ ਸਿੰਧੂ ਘਾਟੀ ਦੀ ਸੱਭਿਆਤਾ ਨਾਲ ਜਾ ਜੁੜਦੀਆਂ ਹਨ, ਜਿੱਥੋਂ ਤੱਕ ਦਾ ਸਾਨੂੰ ਮਨੁੱਖੀ ਇਤਿਹਾਸ ਮਿਲਦਾ। ਵਿਸ਼ਵ ਦੀ ਸਭ ਤੋਂ ਅਮੀਰ ਤੇ ਸੁਚੱਜੀ ਸੱਭਿਅਤਾ ਦਾ ਜਨਮ ਤੇ ਵਿਕਾਸ ਵੀ ਪੰਜਾਬ ਦੀ ਧਰਤੀ ਉੱਪਰ ਹੀ ਹੋਇਆ । ਇਸਦੇ ਕਲ- ਕਲ ਕਰਦੇ ਹੋਏ ਵਹਿੰਦੇ ਦਰਿਆ ਆਪਣੇ ਨਾਲ਼ ਲਿਆਂਦੀ ਮਿੱਟੀ ਨੂੰ ਇਸਦੇ ਮੈਦਾਨੀ

ਇਲਾਕਿਆਂ ਵਿੱਚ ਵਿਛਾ ਕੇ, ਇਸਦੀ ਮਿੱਟੀ ਨੂੰ ਜ਼ਰਖੇਜ਼ ਬਣਾਉਂਦੇ ਰਹੇ ਹਨ ।ਇਹ ਜ਼ਰਖੇਜ਼ ਮਿੱਟੀ ਹੀ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਲਈ ਆਕਰਸ਼ਣ ਤੇ ਧਨ ਦੇ ਲੋਭ ਦਾ ਸਾਧਨ ਰਹੀ ਹੈ। ਵਿਦੇਸ਼ੀ ਹਮਲਾਵਰਾਂ ਦਾ ਵੱਡੀ ਤਾਦਾਦ ਵਿੱਚ ਇਸ ਖਿੱਤੇ ਵਿੱਚ ਪ੍ਰਵੇਸ਼ ਕਰਨਾ ਵੀ ਰੀਤੀ-ਰਿਵਾਜਾਂ ਨੂੰ ਹੁਲਾਰਾ ਦਿੰਦਾ ਰਿਹਾ ਹੈ, ਜਿਉਂ ਹੀ ਵਿਦੇਸ਼ੀ ਹਮਲਾਵਰ ਇਸ ਧਰਤੀ ਤੇ ਪ੍ਰਵੇਸ਼ ਕਰਦੇ ਰਹੇ, ਉਹ ਆਪਣੇ ਦੇਸ਼ ਦੇ ਰੀਤੀ-ਰਿਵਾਜਾਂ ਨੂੰ ਇਸ ਦੇਸ਼ ਦੀ ਧਰਤੀ ਤੇ ਵੀ ਪ੍ਰਚਾਰਦੇ ਰਹੇ ।ਜਿਸ ਦੇ ਸਿੱਟੇ ਵਜੋਂ ਨਵੇਂ ਰੀਤੀ-ਰਿਵਾਜਾਂ ਦਾ ਜਨਮ ਹੁੰਦਾ ਰਿਹਾ ਤੇ ਸਮਾਂ ਪਾ ਕੇ ਉਹ ਵੀ ਪੰਜਾਬ ਦੇ ਰੀਤੀ-ਰਿਵਾਜਾਂ ਵਿੱਚ ਰਲ਼-ਮਿਚ ਗਏ ਭਾਵ ਉਸਦਾ ਅੰਗ ਬਣ ਗਏ।

ਰੀਤੀ-ਰਿਵਾਜਾਂ ਦਾ ਵੱਧਣਾ-ਫੁੱਲਣਾ ਜਾਂ ਪਰਿਵਰਤਨ ਇਸੇ ਗੱਲ ਦਾ ਸੂਚਕ ਹੀ ਤਾਂ ਹੈ ਕਿ ਉੱਥੋਂ ਦੇ ਲੋਕਾਂ ਦਾ ਆਪਸੀ ਤਾਲਮੇਲ ਜਾਂ ਦੁਨੀਆਂ ਦੇ ਲੋਕਾਂ ਨਾਲ਼ ਆਪਸੀ ਮਿਲਵਰਤਨ ਰੀਤੀ-ਰਿਵਾਜਾਂ ਨੂੰ ਪ੍ਰਫੁਲਿਤ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ। ਪੰਜਾਬ ਦੇ ਰੀਤੀ -ਰਿਵਾਜ ਦੁਨੀਆਂ ਦੇ ਸਭ ਤੋਂ ਅਮੀਰ ਰੀਤੀ-ਰਿਵਾਜਾਂ ਵਿੱਚੋਂ ਇੱਕ ਹਨ । ਇਹ ਰੀਤੀ-ਰਿਵਾਜ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ , ਘਰ ਦੀਆਂ ਸਿਆਣੀਆਂ ਮਾਈਆਂ ਏਨਾਂ ਰੀਤੀ-ਰੀਵਾਜਾਂ ਦਾ ਵਿਸ਼ੇਸ਼ ਧਿਆਨ ਰੱਖਦੀਆਂ ਹਨ ਅਤੇ ਇਸ ਦੇ ਨਾਲ਼ ਕਈ ਸ਼ਗਨ ਤੇ ਅਪਸ਼ਗਨ ਵੀ ਜੁੜਦੇ ਰਹੇ ਹਨ। ਰੀਤੀ -ਰਿਵਾਜਾਂ ਨੂੰ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡਿਆਂ ਜਾਂਦਾ ਹੈ । 1. ਜਨਮ ਨਾਲ਼ ਸਬੰਧਿਤ ਰੀਤੀ-ਰਿਵਾਜ (2.) ਵਿਆਹ ਨਾਲ਼ ਸਬੰਧਿਤ ਰੀਤੀ ਰੀਵਾਜ (3) ਮਰਨ ਨਾਲ਼ ਸਬੰਧਿਤ ਰੀਤੀ-ਰਿਵਾਜ

ਇਸ ਤੋਂ ਇਲਾਵਾ ਜੀਵਨ ਦੇ ਵਿਸ਼ੇਸ਼ ਮੋਕਿਆਂ ਤੇ ਦਿਨ ਪ੍ਰਤੀ ਦਿਨ ਵੀ ਏਨ੍ਹਾਂ ਰੀਤੀ ਰਿਵਾਜਾਂ ਨੂੰ ਪ੍ਰਮੁੱਖਤਾ ਨਾਲ਼ ਪਾਲਣਾ ਕੀਤੀ ਜਾਂਦੀ ਹੈ। ਸਵੇਰੇ ਉੱਠਣ, ਖਾਣ-ਪੀਣ, ਘਰੋਂ ਬਾਹਰ ਜਾਣ, ਰਿਸ਼ਤੇਦਾਰ, ਦੋਸਤ-ਮਿੱਤਰਾਂ ਨੂੰ ਮਿਲਣ ਸਮੇਂ ਤੇ ਰਾਤ ਨੂੰ ਸੌਣ ਤੱਕ ਰੀਤੀ-ਰਿਵਾਜਾਂ ਦਾ ਆਪਣਾ ਵਿਸ਼ੇਸ਼ ਪ੍ਰਭਾਵ ਹੈ।

ਕੁਦਰਤ ਵੀ ਰੀਤੀ-ਰਿਵਾਜਾਂ ਦੇ ਨਿਯਮਾਂ ਨੂੰ ਬੜੀ ਸਿੱਦਤ ਨਾਲ ਨਿਭਾਉਂਦੀ ਹੈ। ਮੌਸਮ ਦਾ ਬਦਲਣਾ, ਰੁੱਤਾਂ ਦਾ ਆਉਣਾ- ਜਾਣਾ, ਗਰਮੀ-ਸਰਦੀ, ਧੁੱਪ-ਛਾਂ, ਲਹਿਰਾਉਂਦੀਆਂ ਫ਼ਸਲਾਂ, ਹਵਾ ਵਿੱਚ ਝੂਮਦੇ ਦਰੱਖਤ ਸਭ ਕੁਦਰਤੀ ਨਿਯਮਾਂ ਭਾਵ ਆਪਣੇ ਰੀਤੀ -ਰੀਵਾਜਾਂ ਦੀ ਪਾਲਣਾ ਕਰਦੇ ਹਨ। ਇਸ ਸੰਸਾਰ ਦੀ ਕੋਈ ਵੀ ਜੀਵ-ਜੰਤੂ ਅਜਿਹਾ ਨਹੀਂ ਹੈ ਜਿਸ ਉੱਪਰ ਕੁਦਰਤ ਦੇ ਨਿਯਮ ਲਾਗੂ ਨਾ ਹੁੰਦੇ ਹੋਣ। ਹਰੇਕ ਵਸਤੂ ਕੁਦਰਤ ਦੇ ਨਿਯਮ ਵਿੱਚ ਬੱਝੀ ਹੋਈ ਕੁਛ ਵੀ ਉਸ ਤੋਂ ਬਾਹਰ ਨਹੀਂ। ਇਹ ਰੀਤੀ -ਰਿਵਾਜ ਹੀ ਹਨ ਜੋ ਮਨੁੱਖ ਦੀਆਂ- ਖ਼ੁਸ਼ੀਆਂ ਤੇ ਚਾਵਾਂ ਨੂੰ ਦੂਣ- ਸਵਾਇਆ ਕਰ ਦਿੰਦੇ ਹਨ, ਸੋਚ ਕੇ ਦੇਖੋ ਜੇਕਰ ਰੀਤੀ -ਰਿਵਾਜ ਨਾ ਹੁੰਦੇ ਤਾਂ ਮਨੁੱਖ ਦਾ ਜੀਵਨ ਨੀਰਸ ਬਣ ਜਾਣਾ ਸੀ ।ਉਸ ਦੀਆਂ ਖ਼ੁਸ਼ੀਆਂ- ਗਮੀਆਂ ਸਭ ਬੇਰੰਗ ਹੋ ਜਾਣੀਆਂ ਸਨ, ਇੱਕ ਖੁਸ਼ਹਾਲ ਜੀਵਨ ਦੀ ਕਲਪਨਾ ਦਾ ਸੁਪਨਾ ਅਧੂਰਾ ਹੀ ਰਹਿ ਜਾਣਾ ਸੀ । ਇਸ ਲਈ ਸੱਚ ਹੀ ਤਾਂ ਕਿਹਾ ਜਾਂਦਾ ਹੈ ਕਿ ਰੀਤੀ - ਰਿਵਾਜ ਖ਼ੁਸ਼ਹਾਲ ਜੀਵਨ ਦਾ ਅਨਮੋਲ ਖ਼ਜ਼ਾਨਾ ਹਨ।



ਗੁਰਪ੍ਰੀਤ ਸਿੰਘ ਬੀੜ ਕਿਸ਼ਨ
ਮੋ.: 99884-66885

AUTOBAHN



FREIGHT LINES LTD
Now Hiring
Professional AZ Drivers
& Owner Operators
from
TO & WINDSOR, ON TO USA

We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test

We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks

For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!

Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters



Paramjit Singh Gill (MBA, LL.B.)
Tel: 905-790-3636
Emergency Contact:
416-910-5676
www.shergilllawfirm.ca
2565 Steeles Ave E. Unit #20, Brampton, ON L6T 4L6



# ਦੇਵਾ ਦਾ ਟ੍ਰੇਲਰ ਲਾਂਚ

## ਪੂਜਾ ਹੇਗੜੇ ਨੂੰ ਮਿਲਿਆ 'ਕ੍ਰਾਸਓਵਰ ਕੁਈਨ' ਤੇ ਅਲਫਾ ਫੀਮੇਲ ਦਾ ਟੈਗ

ਅਦਾਕਾਰਾ ਪੂਜਾ ਹੇਗੜੇ ਬਹੁਤ ਉਡੀਕੀ ਜਾ ਰਹੀ ਫਿਲਮ 'ਦੇਵਾ' ਦੀ ਰਿਲੀਜ਼ ਲਈ ਤਿਆਰ ਹੈ। ਪੂਜਾ ਨੇ ਸਾਲਾਂ ਤੋਂ ਵੱਖ-ਵੱਖ ਸ਼ੈਲੀਆਂ ਅਤੇ ਭਾਸ਼ਾਵਾਂ ਵਿਚ ਕੰਮ ਕੀਤਾ ਹੈ। ਦਰਸ਼ਕ ਉਸ ਨੂੰ 'ਕੁਈਨ ਆਫ ਕ੍ਰਾਸਓਵਰ' ਕਹਿੰਦੇ ਹਨ। ਹੁਣੇ ਜਿਹੇ ਅਦਾਕਾਰਾ ਨੇ 'ਦੇਵਾ' ਦੇ ਟ੍ਰੇਲਰ ਲਾਂਚ ਈਵੈਂਟ ਵਿਚ ਸ਼ਿਰਕਤ ਕੀਤੀ। ਇਥੇ ਉਸ ਨੇ ਵੱਖ-ਵੱਖ ਫਿਲਮ ਇੰਡਸਟਰੀ ਦੇ ਸਫਲ ਬਦਲਾਅ ਬਾਰੇ ਖੁੱਲ੍ਹ ਕੇ ਗੱਲ ਕੀਤੀ।

ਪੂਜਾ ਹੇਗੜੇ ਨੇ ਦੱਸਿਆ ਕਿ ਮੈਂ ਸਿਰਫ ਬਹੁਮੁਖੀ ਭੂਮਿਕਾਵਾਂ ਕਰਨਾ ਚਾਹੁੰਦੀ ਹਾਂ। ਮੈਂ ਹਰ ਫਿਲਮ 'ਚ ਕੁਝ ਵੱਖਰਾ ਕਰਨਾ ਚਾਹੁੰਦੀ ਹਾਂ। ਮੈਂ ਇਸ ਫਿਲਮ 'ਚ ਬਹੁਤ ਹੀ ਵੱਖਰਾ ਕਿਰਦਾਰ ਨਿਭਾ ਰਹੀ ਹਾਂ। ਮੈਂ ਵੱਖ-ਵੱਖ ਭਾਸ਼ਾਵਾਂ ਵਿਚ ਕੰਮ ਕਰ ਰਹੀ ਹਾਂ ਅਤੇ ਇਹ ਮੇਰੀਆਂ ਫ਼ਿਲਮਾਂ ਦਾ ਪ੍ਰਤੀਬਿੰਬ ਹੈ। ਮੇਰਾ ਹਮੇਸ਼ਾ ਇਹ ਮੰਨਣਾ ਹੈ ਕਿ ਜਿੱਥੇ ਚੰਗਾ ਕੰਟੈਂਟ ਹੋਵੇ, ਉੱਥੇ ਜਾਣਾ ਚਾਹੀਦਾ ਹੈ। ਮੈਂ ਆਪਣੇ ਮਨ ਨੂੰ ਫਾਲੋ ਕਰਦੀ ਹਾਂ। ਮੈਂ ਤਾਮਿਲ, ਤੇਲਗੂ ਅਤੇ ਹਿੰਦੀ ਵਿਚ ਕੰਮ ਕੀਤਾ ਹੈ ਅਤੇ ਮੈਨੂੰ ਪਿਆਰ, ਪ੍ਰਸ਼ੰਸਾ ਅਤੇ ਸਵੀਕਾਰਤਾ ਮਿਲੀ ਹੈ, ਜੋ ਇਕ ਵਰਦਾਨ ਹੈ। ਇਹ ਇਕ ਸਨਮਾਨ ਹੈ।

ਇਹ ਬਹੁਤ ਹੀ ਨਿਮਰ ਹੈ ਅਤੇ ਮੈਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ। ਮੈਂ ਇਕ ਮੁੰਬਈ ਦੀ ਲੜਕੀ ਹਾਂ, ਜਿਸ ਨੇ ਤਮਿਲਨਾਡੂ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ, ਤੇਲਗੂ ਵਿਚ ਪਿਆਰ ਅਤੇ ਪ੍ਰਸ਼ੰਸਾ ਮਿਲੀ ਪਰ ਮੈਂ ਕਰਨਾਟਕ ਤੋਂ ਹਾਂ, ਇਸੇ ਲਈ ਹੀ ਸ਼ਾਇਦ ਇਸ ਨਾਲ ਮੈਨੂੰ ਮਦਦ ਮਿਲੀ ਹੋਵੇ!" ਫੈਨਜ਼ ਅਤੇ ਸਿਨੇਮਾ ਪ੍ਰੇਮੀ 31 ਜਨਵਰੀ ਨੂੰ ਸਿਨੇਮਾਘਰਾਂ ਵਿਚ ਫਿਲਮ ਦੇਖਣ ਲਈ ਉਤਸ਼ਾਹਿਤ ਹਨ।

# ਕਿਉਂ ਮੰਗੀ ਦਿਲਜੀਤ ਦੋਸਾਂਝ ਨੇ ਫੈਨਜ਼ ਕੋਲੋਂ ਮੁਆਫ਼ੀ!



ਜਲੰਧਰ- ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀ ਫਿਲਮ 'ਪੰਜਾਬ '95' ਹੁਣ 7 ਫਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ। ਦਿਲਜੀਤ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਫਿਲਮ ਦੀ ਰਿਲੀਜ਼ ਅਣਕਿਆਸੇ ਹਾਲਾਤਾਂ ਕਾਰਨ ਮੁਲਤਵੀ ਕਰ ਦਿੱਤੀ ਗਈ ਹੈ। ਉਸ ਨੇ ਆਪਣੇ ਪ੍ਰਸ਼ੰਸਕਾਂ ਪ੍ਰਤੀ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ ਅਤੇ ਇੱਕ ਭਾਵੁਕ ਸੰਦੇਸ਼ 'ਚ ਲਿਖਿਆ ਹੈ 'ਮੁਆਫ਼ ਕਰਨਾ'।

ਦਿਲਜੀਤ ਨੇ ਕਿਹਾ ਕਿ ਇਹ ਫੈਸਲਾ ਫਿਲਮ ਟੀਮ ਦੇ ਕੰਟਰੋਲ ਤੋਂ ਬਾਹਰ ਸੀ। 'ਪੰਜਾਬ '95' ਦੀ ਨਵੀਂ ਰਿਲੀਜ਼ ਮਿਤੀ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ। ਇਸ ਖ਼ਬਰ ਤੋਂ ਬਾਅਦ, ਉਸ ਦੇ ਪ੍ਰਸ਼ੰਸਕਾਂ 'ਚ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਹੈ ਪਰ ਹਰ ਕੋਈ ਦਿਲਜੀਤ ਦੇ ਅਗਲੇ ਐਲਾਨ ਦੀ ਉਡੀਕ ਕਰ ਰਿਹਾ ਹੈ। 'ਪੰਜਾਬ '95' ਇੱਕ ਬਹੁਤ ਚਰਚਿਤ ਫਿਲਮ ਹੈ ਅਤੇ ਇਸ ਦੀ ਕਹਾਣੀ ਸਮਾਜਿਕ ਮੁੱਦਿਆਂ 'ਤੇ ਅਧਾਰਤ ਦੱਸੀ ਜਾਂਦੀ ਹੈ। ਦਿਲਜੀਤ ਦੋਸਾਂਝ ਦੀ ਅਦਾਕਾਰੀ ਨੂੰ ਲੈ ਕੇ ਪ੍ਰਸ਼ੰਸਕਾਂ 'ਚ ਬਹੁਤ ਉਤਸ਼ਾਹ ਹੈ। ਨਵੀਂ ਰਿਲੀਜ਼ ਮਿਤੀ ਦਾ ਐਲਾਨ ਹੋਣ ਤੱਕ ਪ੍ਰਸ਼ੰਸਕਾਂ ਨੂੰ ਥੋੜ੍ਹਾ ਹੋਰ ਇੰਤਜ਼ਾਰ ਕਰਨਾ ਪਵੇਗਾ।



# ਸੰਸਕਾਰਾਂ ਦਾ ਦਹੇਜ



ਬੀਨਾ ਬਾਵਾ

ਜਗਦੀਪ ਦੇ ਮਾਤਾ ਪਿਤਾ ਦੋਵਾਂ ਦੀ ਬਚਪਨ ਵਿੱਚ ਹੀ ਮੌਤ ਹੋ ਜਾਣ ਕਰਕੇ ਉਸ ਨੂੰ ਉਹਦੇ ਤਾਏ ਤਾਈ ਨੇ ਹੀ ਪਾਲ਼ਿਆ ਸੀ। ਉਨ੍ਹਾਂ ਦੀ ਆਪਣੀ ਇੱਕ ਹੀ ਧੀ ਸੀ ਜੱਸੀ ਤੇ ਜਗਦੀਪ ਨੂੰ ਉਹ ਆਪਣਾ ਪੁੱਤ ਹੀ ਮੰਨਦੇ ਸਨ। ਜਗਦੀਪ ਦੀ ਕਿਸਮਤ ਇਸ ਪੱਖੋਂ ਚੰਗੀ ਸੀ ਕਿ ਉਸ ਯਤੀਮ ਨੂੰ ਤਾਈ-ਤਾਏ ਨੇ ਕਦੇ ਮਾਂ-ਬਾਪ ਦੀ ਕਮੀ ਮਹਿਸੂਸ ਹੀ ਨਾ ਹੋਣ ਦਿੱਤੀ। ਤਾਈ ਜਗਦੀਪ ਨਾਲ ਤਾਏ ਦੀਆਂ ਪਹਿਲੀ ਉਮਰੇ ਕੀਤੀਆਂ ਵਧੀਕੀਆਂ ਬਾਰੇ ਵੀ ਢਿੱਡ ਫ਼ਰੋਲ ਲੈਂਦੀ ਸੀ। ਉਸ ਨੂੰ ਤਾਏ 'ਤੇ ਵੱਡਾ ਗਿਲਾ ਸੀ ਕਿ ਵਿਆਹ ਵੇਲੇ ਤਾਏ ਨੇ ਅੜ ਕੇ ਦਾਜ ਵਿੱਚ ਉਨ੍ਹਾਂ ਸਮਿਆਂ ਵਿੱਚ ਸਾਈਕਲ ਲੈਣ ਦੀ ਜ਼ਿੱਦ ਪੁਗਾਈ ਸੀ ਜਦੋਂ ਸਾਈਕਲ ਵੀ ਅੱਜ ਦੇ ਸਮੇਂ ਦੀ ਵੱਡੀ ਗੱਡੀ ਵਾਂਗ ਖਰੀਦਣਾ ਔਖਾ ਸੀਙ ਤਾਏ ਨੂੰ ਆਪਣੀ ਜਾਇਦਾਦ, ਆਪਣੀ ਅਮੀਰੀ ਦਾ ਬਹੁਤ ਘੁਮੰਡ ਸੀ। ਉਸ ਨੇ ਜੱਸੀ ਨੂੰ ਵਿਆਹੁਣ ਸਮੇਂ ਕਾਰ ਦੇ ਨਾਲ ਨਾਲ ਆਹਲਾ ਦਰਜੇ ਦਾ ਘਰੇਲੂ ਸਾਮਾਨ ਦਾਜ ਵਿੱਚ ਦਿੱਤਾ। ਜੱਸੀ ਦੇ ਸਹੁਰਿਆਂ ਨੂੰ ਐਸਾ ਲਾਲਚ ਵਧਿਆ ਕਿ ਛੇ ਸਾਲਾਂ ਬਾਅਦ ਵੀ ਉਨ੍ਹਾਂ ਦੀਆਂ ਮੰਗਾਂ ਟੁੱਟੇ ਛਿੱਤਰ ਵਾਂਗੂੰ ਵਧਦੀਆਂ ਜਾ ਰਹੀਆਂ ਸਨ, ਥੋੜ੍ਹੀ ਬਹੁਤ ਢਿੱਲ-ਮੱਠ ਹੋਣ 'ਤੇ ਹੀ ਜੱਸੀ ਨੂੰ ਮਿਹਣੇ ਸੁਣਨੇ ਪੈਂਦੇ ਸਨ, ਜਿਸ ਕਰਕੇ ਉਹ ਵੀ ਤਾਈ ਜਾਂ ਜਗਦੀਪ ਨਾਲ ਹੀ ਦੁੱਖ ਸੁੱਖ ਸਾਂਝੇ ਕਰਦੀ। ਜਗਦੀਪ ਦੇ ਮਨ ਵਿੱਚ ਦਹੇਜ ਪ੍ਰਥਾ ਪ੍ਰਤੀ ਬੜੀ ਘ੍ਰਿਣਾ ਪੈਦਾ ਹੋ ਚੁੱਕੀ ਸੀ। ਉਸ ਨੇ ਸਹੁੰ ਖਾਧੀ ਕਿ ਉਹ ਆਪਣੇ ਸਹੁਰਿਆਂ ਤੋਂ ਦਾਜ ਲਏ ਬਿਨਾਂ ਆਪਣੀ ਜੀਵਨ ਸੰਗਣੀ ਨੂੰ ਵਿਆਹ ਕੇ ਲਿਆਵੇਗਾ।

ਜਦੋਂ ਤਾਏ ਨੇ ਜਗਦੀਪ ਦਾ ਰਿਸ਼ਤਾ ਕਮਲਜੀਤ ਨਾਲ ਪੱਕਾ ਕੀਤਾ ਤਾਂ ਦਾਜ ਦਹੇਜ ਦੀ ਚਰਚਾ ਛਿੜੀ। ਤਾਏ ਦੇ ਬੋਲਣ ਤੋਂ ਵੀ ਪਹਿਲਾਂ ਜਗਦੀਪ ਬੋਲਿਆ, ''ਜਿਹੜਾ ਬਾਪ ਆਪਣੀ ਸੰਸਕਾਰੀ ਧੀ ਪਾਲ ਪੋਸ ਕੇ, ਪੜ੍ਹਾ ਲਿਖਾ ਕੇ ਮੇਰੀ ਜੀਵਨ ਸਾਥਣ ਬਣਾਉਣ ਲੱਗਿਆ ਹੈ, ਉਸ ਨੂੰ ਮੇਰੀ ਇੱਕੋ ਬੇਨਤੀ ਹੈ ਕਿ ਆਪਣੀ ਲਾਡੋ ਨੂੰ ਸਿਰਫ਼ ਚੰਗੇ ਸੰਸਕਾਰਾਂ ਦਾ ਦਹੇਜ ਦੇ ਕੇ ਵਿਦਾ ਕਰੇ ਤਾਂ ਜੋ ਉਹ ਸਾਡੇ ਘਰੇ ਆ ਕੇ ਇਸ ਘਰ ਨੂੰ ਆਪਣਾ ਘਰ ਸਮਝੇ ਤੇ ਮੇਰੇ ਤਾਇਆ ਤਾਈ ਨੂੰ ਆਪਣੇ ਮਾਂ ਬਾਪ ਦਾ ਦਰਜਾ ਦੇਵੇ। ਨਾ ਫਰਨੀਚਰ, ਨਾ ਗੱਡੀਆਂ, ਨਾ ਗਹਿਣਾ ਗੱਟਾ ਤੇ ਨਾ ਹੀ ਕੋਈ ਨਕਦੀ ਹੀ ਚਾਹੀਦੀ ਹੈ। ਜੇ ਚੰਗੇ ਸੰਸਕਾਰਾਂ ਦੇ ਦਾਜ ਦਹੇਜ ਨਾਲ ਸਜ ਕੇ ਕਮਲਜੀਤ ਕੌਰ ਆਉਣ ਨੂੰ ਤਿਆਰ ਹੈ ਤਾਂ ਇਹ ਮੈਨੂੰ ਰਿਸ਼ਤਾ ਮਨਜ਼ੂਰ ਹੈ।''



# ਅਧੂਰੇ ਸੁਪਨੇ

ਗੁਰਦੀਪ ਸਿੰਘ




ਕਿਸੇ ਨੇ ਸਾਰੇ ਪਿੰਡ ਵਿੱਚ ਇਹ ਗੱਲ ਫੈਲਾ ਦਿੱਤੀ ਕਿ ਸਰਕਾਰ ਨੇ ਸਾਰੇ ਬੁਢਾਪਾ ਪੈਨਸ਼ਨ ਲੈਣ ਵਾਲਿਆਂ ਦੇ ਖਾਤਿਆਂ ਵਿੱਚ ਇੱਕ ਯੋਜਨਾ ਤਹਿਤ ਪੰਜ ਪੰਜ ਹਜ਼ਾਰ ਰੁਪਏ ਪਾ ਦਿੱਤੇ ਹਨ। ਇਹ ਗੱਲ ਜੰਗਲ ਦੀ ਅੱਗ ਵਾਂਗੂੰ ਸਾਰੇ ਪਿੰਡ ਵਿੱਚ ਫੈਲ ਗਈ। ਜਦੋਂ ਬਾਹਰੋਂ ਇਹ ਗੱਲ ਸ਼ਾਮੇ ਨੂੰ ਪਤਾ ਲੱਗੀ ਤਾਂ ਉਹ ਜਲਦੀ ਜਲਦੀ ਘਰ ਆਇਆ। ਉਸ ਨੇ ਆਪਣੀ ਪਤਨੀ ਨੂੰ ਕਿਹਾ, ''ਭਾਗਵਾਨੇ, ਛੇਤੀ ਛੇਤੀ ਤਿਆਰ ਹੋ ਜਾ, ਅੱਜ ਆਪਾਂ ਬੈਂਕ ਜਾਣਾ ਏ।'' ਉਸ ਨੇ ਪੁੱਛਿਆ, ''ਅੱਜ ਆਪਾਂ ਬੈਂਕ ਕੀ ਲੈਣ ਜਾਣਾ ਏ?'' ''ਭਲੀਏ ਲੋਕੇ, ਖ਼ਬਰ ਹੀ ਖ਼ੁਸ਼ੀ ਵਾਲੀ ਏ।'' ਉਸ ਨੇ ਕਿਹਾ, ''ਅਜਿਹੀ ਕਿਹੜੀ ਖ਼ਬਰ ਐ ਜਿਸ ਕਰਕੇ ਤੂੰ ਉੱਡਿਆ ਫਿਰਦਾ ਏਂ?'' ''ਹੁਣੇ ਹੁਣੇ ਮੈਂ ਸੱਥ 'ਚ ਇਹ ਗੱਲ ਸੁਣ ਕੇ ਆਇਆ ਹਾਂ ਕਿ ਅੱਜ ਸਰਕਾਰ ਨੇ ਬੁਢਾਪਾ ਪੈਨਸ਼ਨ ਲੈਣ ਵਾਲਿਆਂ ਦੇ ਖਾਤਿਆਂ ਵਿੱਚ ਪੰਜ ਪੰਜ ਹਜ਼ਾਰ ਰੁਪਏ ਪਾ ਦਿੱਤੇ ਹਨ।'' ਇਹ ਸੁਣ ਕੇ ਸ਼ਾਮੇ ਦੀ ਪਤਨੀ ਬਹੁਤ ਖ਼ੁਸ਼ ਹੋਈ। ਉਹ ਰੱਬ ਦਾ ਸ਼ੁਕਰ ਕਰਦਿਆਂ ਕਹਿਣ ਲੱਗੀ, ''ਸ਼ੁਕਰ ਉਸ ਰੱਬ ਦਾ ਜਿਸ ਨੇ ਸਾਡੇ ਵਰਗੇ ਗ਼ਰੀਬਾਂ ਦੀ ਵੀ ਸੁਣੀ। ਦੱਸੋ ਭਲਾ ਅੱਜ ਦੇ ਮਹਿੰਗਾਈ ਦੇ ਸਮੇਂ 'ਚ ਸੱਤ ਅੱਠ ਸੌ ਨਾਲ ਭਲਾ ਕਿੱਥੋਂ ਗੁਜ਼ਾਰੇ ਹੁੰਦੇ ਨੇ। ਚੜ੍ਹਦੀ ਕਲਾ 'ਚ ਰਹੇ ਸਾਡੀ ਪੰਜਾਬ ਸਰਕਾਰ ਜੋ ਸਾਡੇ ਵਰਗੇ ਗ਼ਰੀਬਾਂ ਦੀ ਵੀ ਸੁਣਨ ਲੱਗੀ ਏ।'' ਸ਼ਾਮੇ ਨੇ ਹੱਸਦਿਆਂ ਕਿਹਾ, ''ਭਾਗਵਾਨੇ, ਐਤਕੀਂ ਇਨ੍ਹਾਂ ਪੈਸਿਆਂ ਨਾਲ ਸਾਰੇ ਧੋਣੇ ਧੋਤੇ ਜਾਣਗੇ। ਦੁੱਧ ਵਾਲਿਆਂ ਦੇ ਪੈਸੇ ਦਿੱਤੇ ਜਾਣਗੇ, ਸੌਦੇ ਪੱਤੇ ਵਾਲਿਆਂ ਦੇ ਸਿਰ ਚੜ੍ਹੇ ਪੈਸੇ ਵੀ ਲਹਿ ਜਾਣਗੇ, ਦੋ ਮਹੀਨਿਆਂ ਤੋਂ ਕੱਟੀ ਬਿਜਲੀ ਦੀ ਤਾਰ ਵੀ ਲੱਗ ਜਾਵੇਗੀ। ਡਾਕਟਰ ਤੋਂ ਵੀ ਕਿੰਨੇ ਚਿਰ ਤੋਂ ਉਧਾਰ ਹੀ ਦਵਾਈ ਖਾ ਰਹੇ ਆਂ, ਉਸ ਨਾਲ ਵੀ ਆਪਣਾ ਹਿਸਾਬ ਹੋ ਜਾਵੇਗਾ। ਚੱਲ ਐਤਕੀਂ ਆਪਾਂ ਦੋਵੇਂ ਨਵੇਂ ਕੱਪੜੇ ਵੀ ਬਣਾ ਲਵਾਂਗੇ। ਐਤਕੀਂ ਸਿੰਦੋ ਧੀ ਨੂੰ ਵੀ ਕੁਝ ਦੇ ਆਵਾਂਗੇ।'' ਆਪਣੇ ਮਨ ਅੰਦਰ ਪਤਾ ਨਹੀਂ ਕਿੰਨੇ ਕੁ ਸੁਪਨੇ ਸਜਾਉਂਦੇ ਹੋਏ ਉਹ ਦੋਵੇਂ ਪਿੰਡ 'ਚ ਬਣੀ ਬੈਂਕ ਵੱਲ ਤੁਰ ਪਏ। ਬੈਂਕ ਉਸ ਦੇ ਘਰ ਤੋਂ ਬਹੁਤ ਦੂਰ ਸੀ, ਪਰ ਪੈਸਿਆਂ ਦੇ ਚਾਅ 'ਚ ਉਨ੍ਹਾਂ ਨੂੰ ਬੈਂਕ ਕੋਈ ਦੂਰ ਨਹੀਂ ਸੀ ਲੱਗ ਰਹੀ। ਜਦ ਉਹ ਬੈਂਕ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਬੈਂਕ ਦੇ ਗੇਟ ਸਾਹਮਣੇ ਉਨ੍ਹਾਂ ਵਰਗੇ ਬਹੁਤ ਸਾਰੇ ਲੋਕ ਖੜ੍ਹੇ ਸਨ। ਉਸ ਨੇ ਜਾ ਕੇ ਵੇਖਿਆ ਕਿ ਲੋਕ ਬੈਂਕ ਵਾਲੇ ਮੁਲਾਜ਼ਮ ਨਾਲ ਬਹਿਸ ਰਹੇ ਸਨ। ਮੁਲਾਜ਼ਮ ਦਾ ਕਹਿਣਾ ਸੀ, ''ਕਿਹੜੇ ਪੰਜ ਹਜ਼ਾਰ ਰੁਪਏ? ਕਿਸੇ ਵੀ ਸਰਕਾਰ ਨੇ ਕਿਸੇ ਦੇ ਵੀ ਖਾਤਿਆਂ ਵਿੱਚ ਕਿਸੇ ਵੀ ਯੋਜਨਾ ਤਹਿਤ ਪੰਜ ਪੰਜ ਹਜ਼ਾਰ ਰੁਪਏ ਨਹੀਂ ਪਾਏ। ਇਹ ਤੁਹਾਨੂੰ ਕਿਸੇ ਨੇ ਗ਼ਲਤਫ਼ਹਿਮੀ ਵਿੱਚ ਪਾ ਦਿੱਤਾ ਏ। ਜ਼ਰਾ ਗੌਰ ਕਰੋ, ਸਰਕਾਰਾਂ ਤਾਂ ਪਹਿਲਾਂ ਹੀ ਰੌਲਾ ਪਾਈ ਜਾਂਦੀਆਂ ਨੇ ਕਿ ਖ਼ਜ਼ਾਨੇ ਖਾਲੀ ਪਏ ਨੇ। ਤਿੰਨ-ਤਿੰਨ ਮਹੀਨੇ ਤੁਹਾਡੀਆਂ ਪੈਨਸ਼ਨਾਂ ਨਹੀਂ ਪੈਂਦੀਆਂ। ਦੱਸੋ ਫਿਰ ਤੁਹਾਡੇ ਖਾਤਿਆਂ 'ਚ ਪੈਸੇ ਕਿੱਥੋਂ ਆਉਣੇ ਹਨ। ਨਾਲੇ ਤੁਸੀਂ ਕਦੇ ਵੀ ਝੂਠੀਆਂ ਅਫ਼ਵਾਹਾਂ 'ਚ ਨਾ ਆਇਆ ਕਰੋ। ਮਿਹਰਬਾਨੀ ਕਰਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਉ।'' ਬੈਂਕ ਮੁਲਾਜ਼ਮ ਦੀਆਂ ਇਹ ਗੱਲਾਂ ਸੁਣ ਕੇ ਸਾਰੇ ਆਪੋ-ਆਪਣੇ ਘਰਾਂ ਨੂੰ ਤਰ ਪਏ। ਸ਼ਾਮੇ ਨੇ ਵੀ ਆਪਣੀ ਪਤਨੀ ਨੂੰ ਕਿਹਾ, ''ਭਾਗਵਾਨੇ, ਆ ਆਪਾਂ ਘਰ ਚੱਲੀਏ। ਕੀ ਮਿਲਿਆ ਸ਼ਰਾਰਤੀ ਲੋਕਾਂ ਨੂੰ ਸਾਡੇ ਵਰਗੇ ਬੁੱਢਿਆਂ ਨਾਲ ਮਜ਼ਾਕ ਕਰਕੇ।''



# ਦੁਨੀਆ ਦੇ ਸਿਰ ਚੜ੍ਹ ਬੋਲ ਰਿਹਾ ਮੋਟਾਪਾ

- ਸੁਖਮੰਦਰ ਸਿੰਘ ਤੂਰ

ਮੋਟਾਪਾ ਅੱਜ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਸਮੱਸਿਆ ਬਣ ਗਿਆ ਹੈ। ਦੁਨੀਆ ਦੀ ਅੱਧੀਓਂ ਵੱਧ ਵੱਸੋਂ ਮੋਟਾਪੇ ਤੋਂ ਪ੍ਰੇਸ਼ਾਨ ਹੈ। ਅਮਰੀਕਾ ਵਿਚ ਇਹ ਸਮੱਸਿਆ ਮਹਾਂਮਾਰੀ ਦਾ ਰੂਪ ਲੈ ਰਹੀ ਹੈ। "ਵਾਸ਼ਿੰਗਟਨ ਪੋਸਟ" ਦੀ ਇਕ ਰਿਪੋਰਟ ਅਨੁਸਾਰ ਇੱਥੇ 44 ਮੀਲੀਅਨ ਲੋਕ ਮੋਟਾਪੇ ਦਾ ਸ਼ਿਕਾਰ ਹਨ। ਵਿਸ਼ਵ ਸਿਹਤ ਸੰਸਥਾ ਮੁਤਾਬਕ ਦੁਨੀਆ ਭਰ ਵਿਚ ਹਰ ਸਾਲ 25 ਤੋਂ 30 ਲੱਖ ਲੋਕ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਕਾਰਨ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਮੋਟਾਪਾ ਕੋਈ ਬਿਮਾਰੀ ਨਹੀਂ, ਪਰ ਇਹ ਬਿਮਾਰੀਆਂ ਦਾ ਕਾਰਨ ਜ਼ਰੂਰ ਬਣਦਾ ਹੈ। ਦੁਨੀਆ ਭਰ ਵਿਚ ਹਰ ਸਾਲ ਅਰਬਾਂ ਡਾਲਰ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ 'ਤੇ ਖਰਚ ਹੋ ਜਾਂਦੇ ਹਨ।

ਕੀ ਹੈ ਮੋਟਾਪਾ? : ਸਰੀਰ.'ਚ ਚਿਕਨਾਈ ਜਮ੍ਹਾਂ ਹੋਣ ਕਾਰਨ ਮੋਟਾਪਾ ਹੁੰਦਾ ਹੈ। ਸਰੀਰ ਵਿਚ ਵਸਾ ਜਮ੍ਹਾਂ ਕਰਨ ਦੀ ਸੀਮਾ ਤੋਂ ਵੱਧ ਸਮਰੱਥਾ ਹੁੰਦੀ ਹੈ। ਇਕ ਪੌਂਡ ਵਸਾ ਜਮ੍ਹਾਂ ਕਰਨ ਦਾ ਮਤਲਬ ਹੈ ਕਿ ਸਰੀਰ 'ਚ ਤਕਰੀਬਨ 3500 ਕੈਲੋਰੀ ਵਧੇਰੇ ਊਰਜਾ ਜਮ੍ਹਾਂ ਹੋ ਗਈ ਹੈ। ਜੇਕਰ ਕੋਈ ਵਿਅਕਤੀ ਆਪਣਾ ਵਜ਼ਨ ਇਕ ਪੌਂਡ ਹਰ ਹਫਤੇ ਘਟਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੀ ਲੋੜ ਤੋਂ 500 ਕੈਲੋਰੀ ਭੋਜਨ ਰੋਜ਼ਾਨਾ ਘੱਟ ਕਰਨਾ ਪਵੇਗਾ।

ਮੋਟਾਪਾ ਸਰੀਰ ਦੀ ਬਣਤਰ ਵੇਖ ਕੇ ਪਤਾ ਲੱਗ ਜਾਂਦਾ ਹੈ, ਪਰ ਮੋਟਾਪੇ ਦਾ ਸਹੀ ਸਹੀ ਗਿਆਨ "ਹਾਇਟ ਵੇਟ" ਟੇਬਲ ਵੇਖ ਕੇ ਹੀ ਹੋ ਸਕਦਾ ਹੈ। ਜੇਕਰ ਟੇਬਲ ਦੇ ਮੁਤਾਬਕ ਤੁਹਾਡਾ ਵਜ਼ਨ 10% ਤੋਂ ਘੱਟ ਜਾਂ ਵੱਧ ਹੈ ਤਾਂ ਠੀਕ ਹੈ, ਚਿੰਤਾ ਕਰਨ ਦੀ ਲੋੜ ਨਹੀਂ। 41% ਤੋਂ ਉੱਪਰ ਵਜ਼ਨ ਵਾਲਾ ਵਿਅਕਤੀ ਮੋਟਾਪੇ ਦੀ ਖਤਰਨਾਕ ਸ਼੍ਰੇਣੀ ਵਿਚ ਆ ਜਾਂਦਾ ਹੈ। ਇਸ ਸ਼੍ਰੇਣੀ ਦੇ ਵਿਅਕਤੀ ਨੂੰ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

ਮੋਟਾਪੇ ਦੇ ਕਾਰਨ :ਕੋਈ ਵਿਅਕਤੀ ਮੋਟਾ ਜਾਂ ਪਤਲਾ ਕਿਉਂ ਹੁੰਦਾ ਹੈ?, ਇਸ ਦੇ ਵੱਖ - ਵੱਖ ਵਿਅਕਤੀਆਂ ਵਿਚ ਵੱਖ-ਵੱਖ ਕਾਰਨ ਹੋ ਸਕਦੇ ਹਨ। ਦਿਮਾਗ 'ਚ "ਹਾਈਪੋਥੈਲਮਸ" ਹਿੱਸੇ.'ਚ ਇਕ ਸਥਿਤੀ ਕੇਂਦਰਿਤ ਹੁੰਦੀ ਹੈ, ਜਿਹੜੀ ਇਹ ਨਿਸ਼ਚਿਤ ਕਰਦੀ ਹੈ ਕਿ ਸਰੀਰ ਨੂੰ ਕਦੋਂ ਭੋਜਨ ਦੀ ਜ਼ਰੂਰਤ ਹੈ ਤੇ ਮਨੁੱਖ ਨੂੰ ਉਦੋਂ ਭੁੱਖ ਲੱਗਣ ਲੱਗਦੀ ਹੈ, ਜਦ ਕਿ ਦੂਸਰਾ ਕੇਂਦਰ ਜਦੋਂ ਲੋੜ ਮੁਤਾਬਕ ਭੋਜਨ ਕਰ ਲਿਆ ਜਾਂਦਾ ਹੈ ਤਾਂ ਤ੍ਰਿਪਤੀ ਦਾ ਸੁਨੇਹਾ ਦਿੰਦਾ ਹੈ ਤੇ ਮਨੁੱਖ ਨੂੰ ਜਾਪਦਾ ਹੈ ਕਿ ਉਸ ਦਾ ਪੇਟ ਭਰ ਗਿਆ ਹੈ। ਮੋਟੇ ਵਿਅਕਤੀਆਂ ਦੇ ਤ੍ਰਿਪਤੀ ਕੇਂਦਰ 'ਚ ਗੜਬੜੀ ਹੋ ਜਾਣ.'ਤੇ ਉਹ ਲੋੜ ਤੋਂ ਵੱਧ ਭੋਜਨ ਕਰਨ ਲੱਗਦੇ ਹਨ ਤੇ ਉਨ੍ਹਾਂ ਦੇ ਸਰੀਰ ਵਿਚ ਵਾਧੂ ਕੈਲੋਰੀਆਂ ਵਸਾ ਦੇ ਰੂਪ ਵਿਚ ਜਮ੍ਹਾਂ ਹੋਣ ਲੱਗਦੀਆਂ ਹਨ।

ਕੁਝ ਲੋਕ ਭਾਵੇਂ ਕਿੰਨਾ ਹੀ ਖਾ ਲੈਣ ਮੋਟੇ ਨਹੀਂ ਹੁੰਦੇ, ਜਦ ਕਿ ਦੂਜੇ ਆਸਾਨੀ ਨਾਲ ਮੋਟੇ ਹੋ ਜਾਂਦੇ ਹਨ। ਕਈ ਮੋਟੇ ਲੋਕਾਂ ਵਿਚ ਵੇਖਿਆ ਗਿਆ ਹੈ ਕਿ ਉਹ ਕੈਲੋਰੀ/ਊਰਜਾ ਦੀ ਵਰਤੋਂ ਸਰੀਰ 'ਚ ਸਹੀ ਤੌਰ.'ਤੇ ਨਹੀਂ ਕਰ ਪਾਉਂਦੇ ਅਤੇ ਉਨ੍ਹਾਂ 'ਤੇ ਮੋਟਾਪਾ ਭਾਰੀ ਪੈਣ ਲੱਗਦਾ ਹੈ ਅਤੇ ਉਨ੍ਹਾਂ ਨੂੰ ਕਈ ਸਰੀਰਕ ਦੋਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਮੋਟੇ ਲੋਕਾਂ ਦੇ ਸਰੀਰ ਵਿਚ ਵਸਾ ਕੋਸ਼ਿਕਾਵਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ, ਇਹ ਗਿਣਤੀ ਗਰਭ ਅਵਸਥਾ ਅਤੇ ਬਾਲ ਅਵਸਥਾ ਵਿਚ ਹੀ ਨੀਅਤ ਹੋ ਜਾਂਦੀ ਹੈ। ਕੁਝ ਹਾਰਮੋਨ ਜਾਂ ਏਨਜਾਈਮ ਦੇ ਸਰੀਰ.'ਚ ਬਹਾਅ 'ਚ ਗੜਬੜੀ ਵੀ ਮੋਟਾਪੇ ਦਾ ਕਾਰਨ ਬਣ ਸਕਦੀ ਹੈ।

ਮੋਟਾਪਾ ਪੀੜ੍ਹੀ ਦਰ ਪੀੜ੍ਹੀ ਵੀ ਚੱਲ ਸਕਦਾ ਹੈ ਜਾਂ ਪਰਿਵਾਰਕ ਕਾਰਨ ਵੀ ਇਸ ਲਈ ਜ਼ਿੰਮੇਵਾਰ ਹੋ ਸਕਦੇ ਹਨ। ਅੱਜ - ਕੱਲ੍ਹ ਮੋਟਾਪੇ ਦਾ ਮੁੱਖ ਕਾਰਨ ਆਰਾਮ - ਪ੍ਰਸਤ ਜ਼ਿੰਦਗੀ, ਕਸਰਤ ਨਾ ਕਰਨਾ ਅਤੇ ਵਧੇਰੇ ਚਰਬੀ ਜਾਂ ਵਸਾ ਵਾਲੇ ਭੋਜਨ ਦਾ ਸੇਵਨ ਹੈ। ਕੁਝ ਪਰਿਵਾਰਾਂ ਵਿਚ ਆਦਤ ਵਜੋਂ ਹੀ ਸੁਆਦੀ ਅਤੇ ਵਾਰ-ਵਾਰ ਭੋਜਨ ਖਾਧਾ ਜਾਂਦਾ ਹੈ ਜਾਂ ਦਿਨ 'ਚ ਥੋੜ੍ਹੀ - ਥੋੜ੍ਹੀ ਦੇਰ ਬਾਅਦ ਕੁਝ ਨਾ ਕੁਝ ਖਾਣ ਦੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਸਰੀਰ.'ਚ ਵਧੇਰੇ ਮਾਤਰਾ ਵਿਚ ਕੈਲੋਰੀ ਪੁੱਜਦੀ ਤਾਂ ਵਾਧੂ ਕੈਲੋਰੀ ਸਰੀਰ 'ਚ ਵਸਾ ਦੇ ਰੂਪ ਵਿਚ ਜਮ੍ਹਾਂ ਹੋਣ ਲੱਗਦੀ ਹੈ ਅਤੇ ਵਜ਼ਨ ਵਧ ਜਾਂਦਾ ਹੈ।

**ਮੋਟਾਪੇ ਨਾਲ ਜੁੜੇ ਖਤਰੇ :** ਖ਼ੂਬਸੂਰਤੀ, ਸਮਾਰਟਨੈਸ ਆਦਿ ਨੂੰ ਪ੍ਰਭਾਵਿਤ ਕਰਨ ਤੋਂ ਇਲਾਵਾ ਵੀ ਮੋਟਾਪੇ ਦੇ ਕਾਰਨ ਕਈ ਗੰਭੀਰ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀਆਂ ਹਨ:

ਮੋਟਾਪਾ ਜਾਂ ਜ਼ਿਆਦਾ ਸਰੀਰਕ ਵਜ਼ਨ ਦੇ ਕਾਰਨ ਕਈ ਤਰ੍ਹਾਂ ਦੇ ਕੈਂਸਰ, ਦਿਲ ਦੇ ਰੋਗ, ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ, ਗੁਰਦਾ ਰੋਗ ਅਤੇ ਐਪੀਨੀਆ ਰੋਗ, ਇੱਥੋਂ ਤੱਕ ਕਿ ਬਾਂਝਪਨ ਆਦਿ ਸ਼ਾਮਲ ਹਨ।

ਵਿਸ਼ਵ ਸਿਹਤ ਸੰਗਠਨ ਦੇ ਵਿਸ਼ਵ ਪੱਧਰ ਦੇ ਅੰਕੜਿਆਂ ਮੁਤਾਬਕ 45 ਤੋਂ 55% ਸ਼ੱਕਰ ਰੋਗ, ਈਸੈਕਮਿਕ ਦਿਲ ਦੇ ਰੋਗਾਂ ਦਾ 23% ਅਤੇ 41 % ਕੁਝ ਖਾਸ ਤਰ੍ਹਾਂ ਦੇ ਕੈਂਸਰ ਦੇ ਕਾਰਨ ਵੱਧ ਭਾਰ ਅਤੇ ਮੋਟਾਪੇ ਕਾਰਨ ਹੋ ਸਕਦਾ ਹੈ।

ਮੋਟਾਪੇ ਦੇ ਸ਼ਿਕਾਰ ਲੋਕਾਂ ਵਿਚ ਇਹ ਵੀ ਵੇਖਿਆ ਗਿਆ ਹੈ ਕਿ ਇਨ੍ਹਾਂ ਲੋਕਾਂ ਵਿਚ ਵੱਡੀ ਆਂਦਰੀ/ਅੰਤੜੀ 'ਚ ਖਰਾਬੀ, ਗਾਲ਼ ਬਲੈਡਰ ਦਾ ਕੈਂਸਰ, ਮਰਦਾਂ ਵਿਚ ਪ੍ਰੋਸਟੇਟ ਗ੍ਰੰਥੀ ਅਤੇ ਔਰਤਾਂ ਵਿਚ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਹੋਣ ਦਾ ਖਤਰਾ ਵਧ ਜਾਂਦਾ ਹੈ ਅਤੇ ਇਨ੍ਹਾਂ ਔਰਤਾਂ ਨੂੰ ਗਰਭ ਵੀ ਮੁਸ਼ਕਲ ਨਾਲ ਠਹਿਰਦਾ ਹੈ ਅਤੇ ਜੇਕਰ ਠਹਿਰ ਵੀ ਜਾਵੇ ਤਾਂ ਵੀ ਗਰਭ ਅਵਸਥਾ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਡਲਿਵਰੀ ਮੌਕੇ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮੋਟਾਪੇ ਕਾਰਨ ਸਰੀਰ ਦਾ ਵਜ਼ਨ ਚੁੱਕਣ ਵਾਲੇ ਜੋੜ ਜਿਵੇਂ ਗੋਡੇ, ਹਿੱਪਸ ਆਦਿ ਦੇ ਵਿਗੜਨ ਦੀ ਸੰਭਾਵਨਾ ਵਧ ਜਾਂਦੀ ਹੈ। ਅਜਿਹੇ ਲੋਕਾਂ ਨੂੰ ਛੇਤੀ ਉੱਠਣ - ਬੈਠਣ ਅਤੇ ਤੁਰਨ 'ਚ ਔਖ ਆਉਂਦੀ ਹੈ ਅਤੇ ਇਨ੍ਹਾਂ ਲੋਕਾਂ ਵਿਚ ਕੰਮ ਕਰਨ ਦੀ ਸਮਰੱਥਾ ਵੀ ਘੱਟ ਹੋ ਜਾਂਦੀ ਹੈ। ਇਹੀ ਨਹੀਂ ਮੋਟੇ ਲੋਕ ਅਕਸਰ ਮਖੌਲ ਦੇ ਪਾਤਰ ਬਣਦੇ ਹਨ ਅਤੇ ਹੀਣ ਭਾਵਨਾ ਨਾਲ ਭਰ ਜਾਂਦੇ ਹਨ ਅਤੇ ਮਨੋਰੋਗ ਦਾ ਸ਼ਿਕਾਰ ਹੋਣ ਦੀ ਨੌਬਤ ਆ ਜਾਂਦੀ ਹੈ।

**ਬਚਾਅ ਵਿੱਚ ਹੀ ਬਚਾਅ :** ਇਹ ਮੰਨ ਕੇ ਚੱਲੋ ਕਿ ਮੋਟਾਪਾ ਇਕ ਸਰਾਪ ਹੈ, ਇਸ ਲਈ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਵਜ਼ਨ ਵਧੇ ਹੀ ਨਾ। ਜੇਕਰ ਵਜ਼ਨ ਜ਼ਿਆਦਾ ਹੈ ਤਾਂ ਕੋਸ਼ਿਸ਼ ਕਰੋ ਕਿ ਕਿਸੇ ਨਾ ਕਿਸੇ ਤਰ੍ਹਾਂ ਵਜ਼ਨ ਘੱਟ ਹੋ ਜਾਵੇ ਅਤੇ ਸਰੀਰ ਦਾ ਵਜ਼ਨ ਸਥਾਈ ਤੌਰ 'ਤੇ ਆਦਰਸ਼ ਵਜ਼ਨ ਦੇ ਆਸ-ਪਾਸ ਬਣਿਆ ਰਹੇ। ਇਸ ਲਈ ਵਜ਼ਨ ਘੱਟ ਕਰਨ ਲਈ ਰੋਜ਼ਾਨਾ ਦੀ ਜੀਵਨਸ਼ੈਲੀ.'ਚ ਬਦਲਾਅ ਲਿਆਉਣਾ ਜ਼ਰੂਰੀ ਹੈ। ਜੇਕਰ ਵਜ਼ਨ 60 /65 ਦੇ ਆਸ-ਪਾਸ ਹੈ ਤਾਂ ਸੰਤੁਲਿਤ ਭੋਜਨ ਜ਼ਰੂਰੀ ਮਾਤਰਾ ਵਿਚ ਕਰੋ। ਐਕਟਿਵ ਰਹੋ। ਰੋਜ਼ਾਨਾ ਕਸਰਤ ਕਰੋ। ਜੇਕਰ ਵਜ਼ਨ ਨੀਯਤ ਮਾਤਰਾ ਤੋਂ ਵਧੇਰੇ ਹੈ ਤਾਂ ਵਜ਼ਨ ਘੱਟ ਕਰਨ ਲਈ ਵੀ ਇਹੀ ਉਪਾਅ ਹੈ।

ਪ੍ਰਯੋਗਾਂ ਦੁਆਰਾ ਇਹ ਪਤਾ ਲੱਗਾ ਹੈ ਕਿ ਰੇਸ਼ੇ ਵਾਲਾ ਭੋਜਨ ਕਰਨ ਨਾਲ ਸਰੀਰਕ ਵਜ਼ਨ ਘੱਟ ਕੀਤਾ ਜਾ ਸਕਦਾ ਹੈ। ਰੇਸ਼ੇ ਵਿਚ ਜਿਹੜਾ ਸੈਲੂਲੋਜ਼ ਹੁੰਦਾ ਹੈ ਉਹ ਬਿਨਾਂ ਪਚੇ ਤੋਂ ਹੀ ਬਾਹਰ ਨਿਕਲ ਜਾਂਦਾ ਹੈ, ਪਰ ਪੇਟ ਭਰਨ ਨਾਲ ਦੂਸਰੀ ਤਰ੍ਹਾਂ ਹੀ ਕੈਲੋਰੀ ਵਾਲੇ ਭੋਜਨ ਦੀ ਕਮੀ ਹੋ ਜਾਂਦੀ ਹੈ। ਵਜ਼ਨ ਘੱਟ ਕਰਨ ਲਈ ਲੋੜ ਤੋਂ ਘੱਟ ਕੈਲੋਰੀ ਵਾਲੇ ਭੋਜਨ ਦਾ ਉਪਯੋਗ ਕਰਨ ਨਾਲ ਪੁਰਸ਼ਾਂ 'ਚ ਤਿੰਨ ਕਿਲੋ ਅਤੇ ਔਰਤਾਂ.'ਚ ਡੇਢ ਤੋਂ ਦੋ ਕਿਲੋ ਵਜ਼ਨ ਹਰ ਹਫਤੇ ਘੱਟ ਹੋ ਜਾਂਦਾ ਹੈ। ਪਰ ਇੰਨੀ ਘੱਟ ਕੈਲੋਰੀ ਦਾ ਭੋਜਨ ਮਾਹਿਰ ਡਾਕਟਰ ਦੀ ਦੇਖ - ਰੇਖ ਵਿਚ ਕਰਨਾ ਚਾਹੀਦਾ ਹੈ।

**ਜੀਵਨਸ਼ੈਲੀ ਵਿੱਚ ਬਦਲਾਅ ਜ਼ਰੂਰੀ :** ਰੋਜ਼ਾਨਾ ਪੈਦਲ ਚੱਲੋ , ਨੇੜੇ ਜਾਣਾ ਹੋਵੇ ਤਾਂ ਸਵਾਰੀ ਦੀ ਵਰਤੋਂ ਨਾ ਕਰੋ। ਸਰੀਰਕ ਮਿਹਨਤ ਵੱਧ ਤੋਂ ਵੱਧ ਕਰੋ, ਟੀ. ਵੀ. ਵੇਖਦੇ ਹੋਏ, ਅਖਬਾਰ ਪੜ੍ਹਦੇ ਹੋਏ, ਗੱਪਾਂ ਮਾਰਦੇ ਹੋਏ, ਰਸੋਈ ਵਿਚ ਕੰਮ ਕਰਦੇ ਹੋਏ ਕੁਝ ਨਾ ਕੁਝ ਖਾਂਦੇ ਰਹਿਣ ਦੀ ਆਦਤ ਮੋਟਾਪੇ ਨੂੰ ਵਧਾਉਂਦੀ ਹੈ। ਇਸ ਤੋਂ ਬਚੋ। ਐਕਟਿਵ ਰਹੋ।

ਮੁੱਕਦੀ ਗੱਲ ਇਹ ਹੈ ਕਿ ਮੋਟਾਪਾ ਘਟਾਉਣ ਲਈ ਕਿਸੇ ਡਾਕਟਰੀ ਇਲਾਜ ਦੀ ਬਜਾਏ ਆਪ ਯਤਨਸ਼ੀਲ ਹੋਵੋ। ਆਪਣੀ ਜੀਵਨ ਸ਼ੈਲੀ ਵਿਚ ਬਦਲਾਵ ਲਿਆ ਕੇ ਹੀ ਇਸ ਮੋਟਾਪੇ ਰੂਪੀ ਸਮੱਸਿਆ ਤੋਂ ਆਪਣੇ - ਆਪ ਨੂੰ ਬਚਾਇਆ ਜਾ ਸਕਦਾ ਹੈ।


# ਸਿੱਖਿਆ ਦਾ ਮਾਧਿਅਮ ਬਣੇ ਮਾਂ-ਬੋਲੀ

ਭਾਰਤ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਅੰਗਰੇਜ਼ੀ ਭਾਸ਼ਾ ਦਾ ਦਬਦਬਾ ਬਰਕਰਾਰ ਹੈ ਅਤੇ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਭਾਰਤੀ ਉਪਮਹਾਂਦੀਪ ਵਿੱਚ ਵਸਦੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਦੀਆਂ ਭਾਸ਼ਾਵਾਂ ਨੂੰ ਅੰਗਰੇਜ਼ੀ ਨੇ ਨੁੱਕਰੇ ਲਾ ਛੱਡਿਆ ਹੈ। ਸਭ ਸੂਬਿਆਂ ਅਤੇ ਕੇਂਦਰੀ ਪੱਧਰ 'ਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਅੰਗਰੇਜ਼ੀ ਹੈ। ਉਚੇਰੀ ਸਿੱਖਿਆ, ਖ਼ਾਸ ਕਰਕੇ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਦਾ ਮਾਧਿਅਮ ਵੀ ਅੰਗਰੇਜ਼ੀ ਹੀ ਹੈ। ਨੌਕਰੀਆਂ ਅਤੇ ਉੱਚ ਸਿੱਖਿਆ ਲਈ ਲਗਭਗ ਸਾਰੀਆਂ ਪ੍ਰੀਖਿਆਵਾਂ ਦਾ ਮਾਧਿਅਮ ਵੀ ਅੰਗਰੇਜ਼ੀ ਹੈ। ਭਾਰਤ ਵਿੱਚ ਚੰਗੇ ਕਰੀਅਰ ਦਾ ਰਾਹ ਚੰਗੀ ਅੰਗਰੇਜ਼ੀ ਰਾਹੀਂ ਲੰਘਦਾ ਹੈ। ਅੱਜ ਅੰਗਰੇਜ਼ੀ ਇੱਕ ਫੈਸ਼ਨ ਅਤੇ ਸਮਾਜਿਕ ਮਾਣ ਸਨਮਾਨ ਦਾ ਇੱਕ ਚਿੰਨ੍ਹ ਹੈ।

ਪੰਜਾਬੀ ਭਾਸ਼ਾ ਦੇ ਸੰਦਰਭ 'ਚ ਗੱਲ ਕਰਨੀ ਹੋਵੇ ਤਾਂ ਅਸੀਂ ਦੂਹਰੀ ਗ਼ੁਲਾਮੀ ਦੇ ਸ਼ਿਕਾਰ ਹਾਂ। ਅਸੀਂ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਦੀ ਗ਼ੁਲਾਮੀ ਵੀ ਹੰਢਾ ਰਹੇ ਹਾਂ। ਪੰਜਾਬ ਦੇ ਕਈ ਸ਼ਹਿਰੀ ਖੇਤਰਾਂ ਵਿੱਚ ਅੱਜ ਹਿੰਦੀ ਅਖ਼ਬਾਰਾਂ ਦੀ ਸਰਕੂਲੇਸ਼ਨ ਪੰਜਾਬੀ ਅਖ਼ਬਾਰਾਂ ਨੂੰ ਪਿੱਛੇ ਛੱਡ ਗਈ ਹੈ ਅਤੇ ਕਈ ਥਾਵੇਂ ਬਰਾਬਰ ਦੀ ਟੱਕਰ ਦੇ ਰਹੀ ਹੈ। ਇਸ ਦੀ ਇੱਕ ਵਜ੍ਹਾ ਤਾਂ ਇਹ ਹੈ ਕਿ ਪੰਜਾਬ ਦੇ ਸ਼ਹਿਰਾਂ ਵਿੱਚ ਹਿੰਦੀ ਭਾਸ਼ੀ ਆਬਾਦੀ ਵੱਡੀ ਗਿਣਤੀ 'ਚ ਆਣ ਵਸੀ ਹੈ। ਨਿਸ਼ਚੇ ਹੀ ਉਨ੍ਹਾਂ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਅਖ਼ਬਾਰ ਅਤੇ ਜਾਣਕਾਰੀ ਦੇ ਹੋਰ ਸਾਧਨ ਮੁਹੱਈਆ ਹੋਣਾ ਗ਼ਲਤ ਨਹੀਂ ਹੈ। ਇਸ ਦੀ ਦੂਜੀ ਵਜ੍ਹਾ ਇਹ ਹੈ ਕਿ ਅੱਜ ਪੰਜਾਬ ਦਾ ਮੱਧ ਵਰਗ ਅਤੇ ਖ਼ਾਸਕਰ ਸ਼ਹਿਰੀ ਮੱਧ ਵਰਗ ਆਪਣੀ ਮਾਂ ਬੋਲੀ ਨਾਲ ਗੱਦਾਰੀ ਕਰ ਗਿਆ ਹੈ। ਉਹ ਅੰਗਰੇਜ਼ੀ ਹਿੰਦੀ ਮਗਰ ਦੌੜ ਰਿਹਾ ਹੈ। ਇਨ੍ਹਾਂ ਘਰਾਂ 'ਚ ਬੱਚਿਆਂ ਨੂੰ ਬਚਪਨ ਤੋਂ ਹੀ ਅੰਗਰੇਜ਼ੀ ਤੇ ਦੂਜੇ ਨੰਬਰ 'ਤੇ ਹਿੰਦੀ ਬੋਲਣ ਦੀ ਆਦਤ ਪਾਈ ਜਾ ਰਹੀ ਹੈ। ਪੰਜਾਬੀ ਬੋਲਣ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ। ਪੰਜਾਬ ਦਾ ਮੱਧ ਵਰਗ (ਸ਼ਹਿਰੀ) ਹੁਣ ਅੰਗਰੇਜ਼ੀ ਜਾਂ ਹਿੰਦੀ ਬੋਲਣ 'ਚ ਹੀ ਮਾਣ ਸਮਝਦਾ ਹੈ।

ਹਿੰਦੀ ਭਾਰਤ ਦੇ ਬਹੁਤ ਵੱਡੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਭਾਰਤ ਦੇ ਹਾਕਮ ਇਸ ਨੂੰ ਕੌਮੀ ਭਾਸ਼ਾ ਕਹਿੰਦੇ ਹਨ, ਪਰ ਇਹ ਦੇਸ਼ ਵਿੱਚ ਸਰਕਾਰੀ ਕੰਮਕਾਜ ਦੀ ਭਾਸ਼ਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕਾਂ 'ਤੇ ਹਿੰਦੀ ਥੋਪਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਖ਼ਾਸਕਰ ਦੱਖਣੀ ਸੂਬਿਆਂ 'ਚ ਜ਼ਬਰਦਸਤ ਵਿਰੋਧ ਹੋਇਆ। ਜਦ ਭਾਰਤ ਹੀ ਇੱਕ ਕੌਮ ਨਹੀਂ ਤਾਂ ਇਸ ਦੀ ਕੋਈ ਕੌਮੀ ਭਾਸ਼ਾ ਵੀ ਨਹੀਂ ਹੋ ਸਕਦੀ। ਭਾਰਤੀ ਉਪ-ਮਹਾਂਦੀਪ ਕਈ ਕੌਮੀਅਤਾਂ ਦਾ ਘਰ ਹੈ। ਸਾਂਝੇ ਖਿੱਤੇ ਅਤੇ ਸਾਂਝੇ ਸੱਭਿਆਚਾਰ ਤੋਂ ਇਲਾਵਾ ਭਾਸ਼ਾ ਉਹ ਅਹਿਮ ਅੰਗ ਹੈ ਜੋ ਮਿਲ ਕੇ ਕਿਸੇ ਕੌਮੀਅਤ ਦੀ ਰਚਨਾ ਕਰਦੇ ਹਨ। ਇਸ ਲਈ ਵੱਖ-ਵੱਖ ਕੌਮੀਅਤਾਂ ਦੀਆਂ ਭਾਸ਼ਾਵਾਂ ਨੂੰ ਦਬਾਏ ਜਾਣ ਦਾ ਜ਼ਬਰਦਸਤ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਹਾਂ, ਭਾਰਤ 'ਚ ਵਸਦੀਆਂ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਆਪਸ ਵਿੱਚ ਸੰਚਾਰ ਕਰਨ ਲਈ ਇੱਕ ਸੰਪਰਕ ਭਾਸ਼ਾ ਦੀ ਲੋੜ ਜ਼ਰੂਰ ਹੈ। ਆਪਣੇ ਭੂਗੋਲਿਕ ਪਸਾਰੇ ਕਾਰਨ ਹਿੰਦੀ ਅਜਿਹੀ ਸੰਪਰਕ ਭਾਸ਼ਾ ਵਜੋਂ ਸਭ ਤੋਂ ਯੋਗ ਹੋ ਸਕਦੀ ਹੈ, ਪਰ ਇਸ ਦੀ ਚੋਣ ਵੀ ਭਾਰਤ ਦੀਆਂ ਸਭ ਕੌਮੀਅਤਾਂ ਦੇ ਲੋਕਾਂ ਦੀ ਆਪਸੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ।

ਪੰਜਾਬ ਵਿੱਚ ਅੱਜ ਅਜਿਹੇ ਸਕੂਲ ਵੀ ਹਨ ਜਿੱਥੇ ਪੰਜਾਬੀ ਬੋਲਣ ਉੱਪਰ ਪਾਬੰਦੀ ਹੈ। ਨਿਸ਼ਚੇ ਹੀ ਭਾਰਤ ਦੇ ਹੋਰਨਾਂ ਸੂਬਿਆਂ 'ਚ ਵੀ ਅਜਿਹੇ ਸਕੂਲ ਹੋਣਗੇ ਜਿੱਥੇ ਬੱਚਿਆਂ ਦੇ ਮਾਂ ਬੋਲੀ ਬੋਲਣ 'ਤੇ ਪਾਬੰਦੀ ਹੋਵੇਗੀ। ਅਜਿਹੇ ਸਕੂਲਾਂ ਬਾਰੇ ਜਾਣ ਕੇ ਕੀਨੀਆ ਦੇ ਲੇਖਕ ਨਗੂਗੀ ਵਾ ਥਯੋਂਗੋ ਦੇ ਬੋਲ ਯਾਦ ਆਉਂਦੇ ਹਨ। ਨਗੂਗੀ ਦਾ ਕਹਿਣਾ ਹੈ ਕਿ ਜਦੋਂ ਉਸ ਦਾ ਦੇਸ਼ ਬ੍ਰਿਟੇਨ ਦਾ ਗ਼ੁਲਾਮ ਸੀ, ਜਿਹੜੇ ਸਕੂਲ ਵਿੱਚ ਉਹ ਬਚਪਨ ਵਿੱਚ ਪੜ੍ਹਦਾ ਸੀ, ਉੱਥੇ ਬੱਚਿਆਂ 'ਤੇ ਸਥਾਨਕ ਭਾਸ਼ਾ (ਗਿਕਯੂ) ਬੋਲਣ 'ਤੇ ਪਾਬੰਦੀ ਸੀ। ਜੇਕਰ ਬੱਚੇ ਕਦੇ ਗ਼ਲਤੀ ਨਾਲ ਵੀ ਆਪਣੀ ਮਾਂ ਬੋਲੀ 'ਚ ਗੱਲ ਕਰ ਲੈਂਦੇ ਤਾਂ ਉਨ੍ਹਾਂ ਨੂੰ ਬੈਂਤਾਂ ਨਾਲ ਕੁੱਟਿਆ ਜਾਂਦਾ ਸੀ। ਬੱਚੇ ਦੇ ਮੂੰਹ 'ਚ ਕਾਗਜ਼ ਤੁੰਨ ਦਿੱਤੇ ਜਾਂਦੇ ਸਨ, ਫਿਰ ਇੱਕ ਬੱਚੇ ਦੇ ਮੂੰਹ 'ਚੋਂ ਉਹ ਕਾਗਜ਼ ਕੱਢ ਕੇ ਦੂਸਰੇ ਬੱਚੇ ਦੇ ਮੂੰਹ ਵਿੱਚ ਤੁੰਨੇ ਜਾਂਦੇ ਸਨ, ਫਿਰ ਇਹੀ ਕਾਗਜ਼ ਤੀਸਰੇ, ਫਿਰ ਚੌਥੇ ਅਤੇ ਅੱਗੇ ਉਨ੍ਹਾਂ ਸਭ ਬੱਚਿਆਂ ਦੇ ਵਿੱਚ ਇਹ ਜੂਠੇ ਕਾਗਜ਼ ਦਿੱਤੇ



ਜਾਂਦੇ ਸਨ, ਜਿਨ੍ਹਾਂ ਆਪਣੀ ਮਾਂ ਬੋਲੀ ਬੋਲਣ ਦਾ 'ਗੁਨਾਹ' ਕੀਤਾ ਹੋਵੇ।

ਪੰਜਾਬੀ ਭਾਸ਼ਾ ਸਭ ਕੁਝ ਨੂੰ ਪ੍ਰਗਟਾਉਣ ਦੇ ਪੂਰੀ ਤਰ੍ਹਾਂ ਸਮੱਰਥ ਹੈ, ਪਰ ਸਾਡੇ ਕੁਝ ਬੁੱਧੀਜੀਵੀਆਂ ਦਾ ਅੰਗਰੇਜ਼ੀ ਪ੍ਰੇਮ ਇਹ ਦਿਖਾਉਂਦਾ ਹੈ ਕਿ ਪੰਜਾਬੀ ਜ਼ੁਬਾਨ ਅਤੇ ਪੰਜਾਬੀ ਲੋਕਾਂ ਤੋਂ ਉਹ ਕਿੰਨੇ ਦੂਰ ਜਾ ਚੁੱਕੇ ਹਨ। ਚਾਹੀਦਾ ਤਾਂ ਇਹ ਹੈ ਕਿ ਆਪਣੀ ਭਾਸ਼ਾ ਵਿੱਚ ਲਿਖਿਆ ਜਾਵੇ ਅਤੇ ਬਾਅਦ ਵਿੱਚ ਲੋੜ ਮੁਤਾਬਿਕ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇ।

ਪੰਜਾਬੀ ਦੇ ਸਾਹਿਤਕ ਪਰਚਿਆਂ ਤੋਂ ਪੰਜਾਬੀ ਭਾਸ਼ਾ ਦੀ ਤਰੱਕੀ ਦੀ ਆਸ ਕੀਤੀ ਜਾਂਦੀ ਹੈ, ਪਰ ਕਈ ਪਰਚੇ ਪੰਜਾਬੀ ਭਾਸ਼ਾ ਦਾ ਕਬਾੜਾ ਕਰੀ ਜਾ ਰਹੇ ਹਨ। ਇਨ੍ਹਾਂ ਵਿੱਚ ਛਪਦੇ ਕੁਝ ਸਾਹਿਤ ਚੋਰ ਲੇਖਕ ਅਕਸਰ ਹਿੰਦੀ ਅਤੇ ਜੇਕਰ ਕਿਸੇ ਦੀ ਪਹੁੰਚ ਹੋਵੇ ਤਾਂ ਅੰਗਰੇਜ਼ੀ ਤੋਂ 'ਮਾਲ' ਚੋਰੀ ਕਰਦੇ ਹਨ। ਚੋਰੀ ਕੀਤੇ ਹੋਏ ਇਸ 'ਮਾਲ' ਰਾਹੀਂ ਉਹ ਹਿੰਦੀ, ਅੰਗਰੇਜ਼ੀ ਦੇ ਸ਼ਬਦ ਵੀ ਥੋਕ 'ਚ ਪੰਜਾਬੀ ਭਾਸ਼ਾ ਵਿੱਚ ਲਿਆ ਰਹੇ ਹਨ। ਹਾਲਾਂਕਿ, ਹੋਰਨਾਂ ਭਾਸ਼ਾਵਾਂ 'ਚੋਂ ਲਏ ਜਾਣ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਪ੍ਰਗਟਾਉਣ ਦੇ ਸਮਰੱਥ ਸਾਰੇ ਸ਼ਬਦ ਪੰਜਾਬੀ ਭਾਸ਼ਾ 'ਚ ਵੀ ਮੌਜੂਦ ਹਨ। ਕੁਝ ਬੁੱਧੀਜੀਵੀ ਸਿਰਫ਼ ਬੌਧਿਕਤਾ ਘੋਟਣ ਲਈ ਵੀ ਹਿੰਦੀ ਅੰਗਰੇਜ਼ੀ ਦਾ ਇਸਤੇਮਾਲ ਕਰਦੇ ਹਨ। ਕਈ ਸਿਆਸੀ ਪਾਰਟੀਆਂ/ਗਰੁੱਪ ਵੀ ਆਪਣੇ ਰਸਾਲੇ ਅਤੇ ਅਖ਼ਬਾਰ ਅੰਗਰੇਜ਼ੀ ਵਿੱਚ ਹੀ ਕੱਢਦੇ ਹਨ। ਇੱਥੋਂ ਤੱਕ ਕਿ ਸਾਮਰਾਜਵਾਦੀ ਗ਼ੁਲਾਮੀ ਵਿਰੁੱਧ ਸਭ ਤੋਂ ਵੱਧ ਨਾਅਰੇ ਲਾਉਣ ਵਾਲਿਆਂ ਦਾ ਵੀ ਇਹੋ ਹਾਲ ਹੈ। ਸਾਮਰਾਜਵਾਦੀ ਗ਼ੁਲਾਮੀ ਵਿਰੁੱਧ ਨਾਅਰੇ ਲਾਉਣ ਵਾਲੇ ਖ਼ੁਦ ਹੀ ਮਾਨਸਿਕ ਤੌਰ 'ਤੇ ਸਾਮਰਾਜਵਾਦੀਆਂ (ਅਮਰੀਕਾ, ਬ੍ਰਿਟੇਨ) ਦੀ ਭਾਸ਼ਾ ਦੇ ਗ਼ੁਲਾਮ ਹਨ।

'ਪੜ੍ਹੇ ਲਿਖੇ' ਲੋਕਾਂ ਦਰਮਿਆਨ ਰੋਜ਼ਮੱਰ੍ਹਾ ਦੀ ਗੱਲਬਾਤ 'ਚ ਅੰਗਰੇਜ਼ੀ ਦੇ ਸ਼ਬਦਾਂ ਦਾ ਵੱਡੀ ਪੱਧਰ 'ਤੇ ਇਸਤੇਮਾਲ ਫੈਸ਼ਨ ਬਣ ਚੁੱਕਾ ਹੈ। ਇਹ ਮਾਨਸਿਕ ਗ਼ੁਲਾਮੀ ਦਾ ਇੱਕ ਹੋਰ ਪ੍ਰਗਟਾਵਾ ਹੈ।

ਅੰਗਰੇਜ਼ੀ ਸਾਡੀ ਚੋਣ ਨਹੀਂ, ਮਜਬੂਰੀ ਹੈ। ਹਾਕਮਾਂ ਨੇ ਸਾਡੇ ਉੱਪਰ ਇੱਕ ਵਿਦੇਸ਼ੀ ਭਾਸ਼ਾ ਥੋਪ ਰੱਖੀ ਹੈ। ਪੰਜਾਬ ਵਿੱਚ ਪਹਿਲਾਂ ਛੇਵੀਂ ਜਮਾਤ ਤੋਂ ਅੰਗਰੇਜ਼ੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਸੀ ਤੇ ਬਾਅਦ ਵਿੱਚ ਜਥੇਦਾਰ ਤੋਤਾ ਸਿੰਘ ਨੇ ਇਸ ਨੂੰ ਪਹਿਲੀ ਜਮਾਤ ਤੋਂ ਲਾਜ਼ਮੀ ਬਣਾ ਦਿੱਤਾ। ਅਨੇਕਾਂ ਵਿਦਿਆਰਥੀ ਅੰਗਰੇਜ਼ੀ ਚੰਗੀ ਨਾ ਹੋਣ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਪਾਉਂਦੇ। ਇਹ ਕੋਈ ਪੈਮਾਨਾ ਨਹੀਂ ਕਿ ਜੋ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ ਉਹੀ ਵਿਦਿਆਰਥੀ ਬੁੱਧੀਮਾਨ ਹੋਵੇਗਾ। ਸੰਸਾਰ ਵਿੱਚ ਅਨੇਕਾਂ ਅਜਿਹੇ ਦੇਸ਼ ਹਨ ਜੋ ਅੰਗਰੇਜ਼ੀ ਦੇ ਗ਼ੁਲਾਮ ਨਹੀਂ ਹਨ। ਉੱਥੋਂ ਦੇ ਲੋਕਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਪੜ੍ਹਾਈ ਕਰਕੇ ਸਾਹਿਤ, ਕਲਾ, ਵਿਗਿਆਨ ਆਦਿ ਗਿਆਨ ਦੇ ਹਰ ਖੇਤਰ 'ਚ ਨਵੇਂ-ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਰੂਸ, ਜਪਾਨ, ਫਰਾਂਸ, ਜਰਮਨੀ ਆਦਿ ਅਜਿਹੇ ਕਈ ਦੇਸ਼ ਹਨ ਜਿਨ੍ਹਾਂ ਦਾ ਅੰਗਰੇਜ਼ੀ ਤੋਂ ਬਿਨਾਂ ਹੀ ਸਰਦਾ ਹੈ। ਇਨ੍ਹਾਂ ਮੁਲਕਾਂ 'ਚ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ 'ਚ ਹੀ ਪੜ੍ਹਨ ਦਾ ਮੌਕਾ ਮਿਲਦਾ ਹੈ। ਦੇਖਿਆ ਜਾਵੇ ਤਾਂ ਅੰਗਰੇਜ਼ੀ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਦੀ ਹੀ ਭਾਸ਼ਾ ਹੈ। ਦੁਨੀਆ ਦੇ ਕਈ ਦੇਸ਼ਾਂ, ਖ਼ਾਸਕਰ ਅਫ਼ਰੀਕਾ ਅਤੇ ਏਸ਼ਿਆਈ ਦੇਸ਼ਾਂ ਵਿੱਚ ਜਿੱਥੇ ਲਗਭਗ ਪਿਛਲੀ ਇੱਕ ਸਦੀ ਤੋਂ ਅੰਗਰੇਜ਼ੀ ਸਥਾਨਕ ਭਾਸ਼ਾਵਾਂ ਨੂੰ ਦਬਾ ਰਹੀ ਹੈ, ਉੱਥੇ ਇਹ ਵਸੋਂ ਦੇ ਸਿਰਫ਼ ਇੱਕ ਛੋਟੇ ਜਿਹੇ ਹਿੱਸੇ (ਹਾਕਮ ਜਮਾਤਾਂ ਅਤੇ ਸ਼ਹਿਰੀ ਉੱਚ ਮੱਧਵਰਗ) ਦੀ ਹੀ ਭਾਸ਼ਾ ਬਣ ਸਕੀ ਹੈ। ਅੰਗਰੇਜ਼ੀ ਕਿਸੇ ਵੀ ਤਰ੍ਹਾਂ ਕੌਮਾਂਤਰੀ ਭਾਸ਼ਾ ਨਹੀਂ ਹੈ, ਜਿਵੇਂ ਕਿ ਕੁਝ ਲੋਕ ਇਸ ਨੂੰ ਪੇਸ਼ ਕਰਦੇ ਹਨ।

ਬੇਸ਼ੱਕ ਸੰਸਾਰ ਭਾਈਚਾਰੇ ਨੂੰ ਇੱਕ ਅਜਿਹੀ ਭਾਸ਼ਾ ਦੀ ਲੋੜ ਹੈ, ਜਿਸ ਰਾਹੀਂ ਵੱਖ-ਵੱਖ ਭਾਸ਼ਾਵਾਂ ਦੇ ਲੋਕ ਇੱਕ ਦੂਸਰੇ ਨਾਲ ਸੰਚਾਰ ਕਰ ਸਕਣ। ਇਹ ਭਾਸ਼ਾ ਅੰਗਰੇਜ਼ੀ ਵੀ ਹੋ ਸਕਦੀ ਹੈ ਅਤੇ ਸੰਸਾਰ ਦੀ ਕੋਈ ਹੋਰ ਭਾਸ਼ਾ ਵੀ। ਇਹ ਤਾਂ ਸੰਸਾਰ ਭਾਈਚਾਰਾ ਆਪਸੀ ਰਜ਼ਾਮੰਦੀ ਨਾਲ ਹੀ ਇੱਕ ਕੌਮਾਂਤਰੀ ਸੰਪਰਕ ਭਾਸ਼ਾ ਦੀ ਚੋਣ ਕਰੇ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਸੰਸਾਰ ਦੇ ਲੋਕ ਸਰਮਾਏਦਾਰ-ਸਾਮਰਾਜਵਾਦੀ ਦਾਬੇ ਤੋਂ ਮੁਕਤ ਹੋਣਗੇ। ਅੱਜ ਦੇ ਸਮੇਂ ਵਿੱਚ ਤਾਂ ਭਾਸ਼ਾ ਵੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਥਾਨਕ ਜੋਟੀਦਾਰਾਂ ਦੇ ਹੱਥਾਂ ਵਿੱਚ ਕਿਰਤੀ ਲੋਕਾਂ ਨੂੰ ਲੁੱਟਣ, ਉਨ੍ਹਾਂ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਖ਼ਤਮ ਕਰਨ ਦਾ ਜ਼ਬਰਦਸਤ ਹਥਿਆਰ ਹੈ। ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਇਨਸਾਨ ਆਪਸ ਵਿੱਚ ਸੰਵਾਦ ਕਰਦੇ, ਬੀਤੇ ਤੋਂ ਸਬਕ ਲੈਂਦੇ ਅਤੇ ਭਵਿੱਖ ਦੇ ਸੁਪਨੇ ਵੇਖਦੇ ਹਨ। ਕਿਰਤੀ ਲੋਕ ਲੁੱਟ, ਅਨਿਆਂ ਅਤੇ ਦਾਬੇ ਤੋਂ ਮੁਕਤ ਸਮਾਜ ਦੇ ਸੁਪਨੇ ਆਪਣੀ ਭਾਸ਼ਾ 'ਚ ਹੀ ਦੇਖ ਸਕਦੇ ਹਨ। ਆਪਣੀ ਭਾਸ਼ਾ 'ਚ ਹੀ ਉਹ ਸਰਮਾਏਦਾਰ-ਸਾਮਰਾਜਵਾਦੀ ਲੁੱਟ-ਦਾਬੇ ਤੋਂ ਮੁਕਤੀ ਦੀਆਂ ਯੋਜਨਾਵਾਂ ਘੜ ਕੇ ਉਨ੍ਹਾਂ ਨੂੰ ਅਮਲ 'ਚ ਲਿਆ ਸਕਦੇ ਹਨ। ਭਾਸ਼ਾ ਜਮਾਤੀ ਸੰਘਰਸ਼ ਦਾ ਸਭ ਤੋਂ ਮਹੱਤਵਪੂਰਨ ਹਥਿਆਰ ਹੈ ਤੇ ਹਾਕਮ ਸਾਥੋਂ ਇਹ ਹਥਿਆਰ ਖੋਹ ਲੈਣਾ ਚਾਹੁੰਦੇ ਹਨ।

ਭਾਸ਼ਾ ਦੇ ਮਾਮਲੇ 'ਚ ਸਾਡੇ ਸਮਾਜ ਦੀ ਹਾਲਤ ਬਹੁਤ ਗੰਭੀਰ ਹੈ। ਚਾਰੇ ਪਾਸੇ ਅੰਗਰੇਜ਼ੀ ਦਾ ਬੋਲਬਾਲਾ ਹੈ। ਅੰਗਰੇਜ਼ੀ ਸਿੱਖਣ ਲਈ ਪੂਰੇ ਸਮਾਜ ਵਿੱਚ ਦੌੜ ਜਿਹੀ ਲੱਗੀ ਹੋਈ ਹੈ। ਅੰਗਰੇਜ਼ੀ ਜਾਣਨ ਦਾ ਮਤਲਬ ਵਿਦਵਾਨਾਂ 'ਚ ਵੱਡਾ ਵਿਦਵਾਨ ਹੋਣਾ ਸਮਝਿਆ ਜਾਂਦਾ ਹੈ। ਜੋ ਅੰਗਰੇਜ਼ੀ ਨਹੀਂ ਸਿੱਖ ਪਾਉਂਦਾ, ਉਹ ਹੀਣ ਭਾਵਨਾ ਦਾ ਸ਼ਿਕਾਰ ਰਹਿੰਦਾ ਹੈ। ਅਜਿਹੇ ਸਮੇਂ ਇਸ ਭਾਸ਼ਾਈ ਗ਼ੁਲਾਮੀ ਵਿਰੁੱਧ ਬੋਲਣਾ ਧਾਰਾ ਦੇ ਖ਼ਿਲਾਫ਼ ਖੜ੍ਹੇ ਹੋਣਾ ਹੈ, ਪਰ ਸਾਨੂੰ ਧਾਰਾ ਦੇ ਖ਼ਿਲਾਫ਼ ਖੜ੍ਹੇ ਹੋਣਾ ਹੀ ਹੋਵੇਗਾ। ਅੱਜ ਪੂਰੇ ਭਾਰਤ ਵਿੱਚ ਗ਼ਰੀਬ ਕਿਰਤੀ ਲੋਕ ਹੀ ਆਪਣੀਆਂ ਮਾਂ-ਬੋਲੀਆਂ ਨੂੰ ਬਚਾ-ਸਾਂਭ ਰਹੇ ਹਨ। ਪੰਜਾਬ ਵਿੱਚ ਵੀ ਪੰਜਾਬ ਦੇ ਕਿਰਤੀ ਲੋਕ ਹੀ ਪੰਜਾਬੀ ਭਾਸ਼ਾ ਨੂੰ ਸਾਂਭ ਰਹੇ ਹਨ। ਕਿਰਤੀ ਲੋਕਾਂ ਦੀ ਪੂਰਨ ਮੁਕਤੀ ਲਈ ਸਮਰਪਿਤ ਪਾਰਟੀਆਂ/ਜਥੇਬੰਦੀਆਂ ਨੂੰ ਭਾਸ਼ਾਈ ਗ਼ੁਲਾਮੀ ਦੇ ਖ਼ਿਲਾਫ਼ ਖੜ੍ਹੇ ਹੋਣਾ ਹੀ ਹੋਵੇਗਾ।

ਭਾਸ਼ਾਈ ਗ਼ੁਲਾਮੀ ਵਿਰੁੱਧ ਸੰਘਰਸ਼ ਅੱਜ ਮੁਕੰਮਲ ਲੋਕ ਮੁਕਤੀ ਦੇ ਪ੍ਰੋਜੈਕਟ ਦਾ ਅਹਿਮ ਅੰਗ ਹੈ। ਅੰਗਰੇਜ਼ੀ ਦੀ ਗ਼ੁਲਾਮੀ ਵਿਰੁੱਧ ਸਾਨੂੰ ਕੁਝ ਠੋਸ ਕਦਮ ਚੁੱਕਣੇ ਹੋਣਗੇ। ਸਾਨੂੰ ਪੜ੍ਹਾਈ ਲਿਖਾਈ ਆਪਣੀ ਭਾਸ਼ਾ ਵਿੱਚ ਹੀ ਕਰਨੀ ਚਾਹੀਦੀ ਹੈ। ਜੋ ਗਿਆਨ ਸਾਡੀ ਭਾਸ਼ਾ ਵਿੱਚ ਮੁਹੱਈਆ ਨਾ ਹੋਵੇ, ਉਹ ਹੀ ਕਿਸੇ ਦੂਜੀ ਭਾਸ਼ਾ ਵਿੱਚ ਪੜ੍ਹਨਾ ਚਾਹੀਦਾ ਹੈ। ਲਿਖਣਾ ਸਾਨੂੰ ਪੰਜਾਬੀ 'ਚ ਹੀ ਚਾਹੀਦਾ ਹੈ ਅਤੇ ਬਾਅਦ ਵਿੱਚ ਲੋੜ ਮੁਤਾਬਿਕ ਦੂਜੀ ਭਾਸ਼ਾ ਵਿੱਚ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ। ਆਮ ਲੋਕਾਂ 'ਚ ਵੀ ਸਾਨੂੰ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨ ਦੇ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ। ਆਮ ਲੋਕਾਂ 'ਚ ਲੇਖਾਂ, ਦੁਵਰਕੀਆਂ ਰਾਹੀਂ ਅਤੇ ਜ਼ੁਬਾਨੀ ਵੀ ਅੰਗਰੇਜ਼ੀ ਦੀ ਗ਼ੁਲਾਮੀ ਵਿਰੁੱਧ ਪ੍ਰਚਾਰ ਕਰਨਾ ਹੋਵੇਗਾ। ਅੰਗਰੇਜ਼ੀ ਨਾ ਸਿੱਖ ਸਕਣ ਦੀ ਹੀਣ ਭਾਵਨਾ 'ਚੋਂ ਲੋਕਾਂ ਨੂੰ ਉਭਾਰਨਾ ਹੋਵੇਗਾ। ਆਮ ਲੋਕਾਂ (ਪੰਜਾਬੀ ਭਾਸ਼ੀ) ਨਾਲ ਗੱਲਬਾਤ ਸਮੇਂ ਦੂਜੀਆਂ ਭਾਸ਼ਾਵਾਂ (ਅੰਗਰੇਜ਼ੀ, ਹਿੰਦੀ) ਦੇ ਸ਼ਬਦਾਂ ਦੀ ਵਰਤੋਂ ਤੋਂ ਬਚਦਿਆਂ ਸ਼ੁੱਧ ਪੰਜਾਬੀ ਬੋਲਣੀ ਚਾਹੀਦੀ ਹੈ।

ਸਰਕਾਰ ਤੋਂ ਵੀ ਇਹ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਮਾਤ ਭਾਸ਼ਾ ਨੂੰ ਅਮਲੀ ਰੂਪ ਵਿੱਚ ਵਿੱਦਿਆ ਦਾ ਮਾਧਿਅਮ ਬਣਾਇਆ ਜਾਵੇ, ਸਿਰਫ਼ ਕਾਗਜ਼ੀਂ-ਪੱਤਰੀਂ ਨਹੀਂ। ਇਹ ਸਰਬ-ਪ੍ਰਵਾਨਿਤ ਤੱਥ ਹੈ ਕਿ ਇਨਸਾਨ ਜਿਸ ਭਾਸ਼ਾ ਵਿੱਚ ਸੋਚਦਾ ਹੈ ਉਸੇ ਭਾਸ਼ਾ 'ਚ ਬਿਹਤਰ ਪੜ੍ਹ ਸਕਦਾ ਹੈ। ਭਾਸ਼ਾ ਦਾ ਲੋਕਾਂ ਦੇ ਸੱਭਿਆਚਾਰਕ ਜੀਵਨ ਅਤੇ ਉਨ੍ਹਾਂ ਦੇ ਭੂਗੋਲਿਕ ਵਾਤਾਵਰਣ ਨਾਲ ਡੂੰਘਾ ਸਬੰਧ ਹੁੰਦਾ ਹੈ। ਇਸ ਲਈ ਮਨੁੱਖ ਆਪਣੀ ਮਾਤ ਭਾਸ਼ਾ 'ਚ ਹੀ ਬਿਹਤਰ ਤਰੀਕੇ ਨਾਲ ਗਿਆਨ ਹਾਸਲ ਕਰ ਸਕਦਾ ਹੈ। ਹੋਰ ਭਾਸ਼ਾਵਾਂ ਸਿੱਖਣਾ ਕੋਈ ਬੁਰਾਈ ਦੀ ਗੱਲ ਨਹੀਂ, ਸਗੋਂ ਚੰਗੀ ਗੱਲ ਹੈ। ਕੋਈ ਜਿੰਨੀਆਂ ਵਧੇਰੇ ਭਾਸ਼ਾਵਾਂ ਸਿੱਖ ਸਕੇ, ਮਨੁੱਖਤਾ ਦੁਆਰਾ ਸਿਰਜੇ ਗਿਆਨ ਦੇ ਵਸੀਲਿਆਂ ਤੱਕ ਉਸ ਦੀ ਓਨੀ ਹੀ ਵਧੇਰੇ ਪਹੁੰਚ ਹੋਵੇਗੀ। ਕੋਈ ਵੀ ਭਾਸ਼ਾ ਕਿਸੇ ਭਾਸ਼ਾਈ ਸਮੂਹ ਜਾਂ ਕੌਮ ਉੱਪਰ ਥੋਪੀ ਨਹੀਂ ਜਾਣੀ ਚਾਹੀਦੀ। ਇਸ ਲਈ ਅੰਗਰੇਜ਼ੀ ਵੀ ਵਿਦਿਆਰਥੀਆਂ ਉੱਪਰ ਲਾਜ਼ਮੀ ਵਿਸ਼ੇ ਵਜੋਂ ਥੋਪੀ ਨਹੀਂ ਜਾਣੀ ਚਾਹੀਦੀ, ਸਗੋਂ ਇੱਕ ਚੋਣਵਾਂ ਵਿਸ਼ਾ ਹੋਣੀ ਚਾਹੀਦੀ ਹੈ ਤਾਂ ਕਿ ਜਿਸ ਨੂੰ ਜ਼ਰੂਰਤ ਜਾਪੇ ਉਹ ਹੀ ਅੰਗਰੇਜ਼ੀ ਪੜ੍ਹੇ। ਸਿਰਫ਼ ਅੰਗਰੇਜ਼ੀ ਹੀ ਕਿਉਂ, ਸੰਸਾਰ ਦੀਆਂ ਹੋਰ ਭਾਸ਼ਾਵਾਂ ਦੀ ਸਿੱਖਿਆ ਵੀ ਵਿਦਿਆਰਥੀਆਂ ਲਈ ਮੁਹੱਈਆ ਹੋਣੀ ਚਾਹੀਦੀ ਹੈ। ਭਾਸ਼ਾ ਦੀ ਚੋਣ ਦਾ ਹੱਕ ਵਿਦਿਆਰਥੀਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਭਾਸ਼ਾ ਦੀ ਸਮੱਸਿਆ ਬਾਰੇ ਇਹ ਕੋਈ ਅੰਤਿਮ ਸ਼ਬਦ ਨਹੀਂ ਹਨ। ਇਸ ਮਸਲੇ ਦੇ ਵੱਖ-ਵੱਖ ਪੱਖਾਂ ਉੱਪਰ ਬਹੁਤ ਕੁਝ ਲਿਖਿਆ ਜਾਣਾ ਚਾਹੀਦਾ ਹੈ।



ਦਵਿੰਦਰ ਕੌਰ ਖੁਸ਼ ਧਾਲੀਵਾਲ
ਸੰਪਰਕ: 88472-27740

## ਹੱਡ ਹਰਾਮੀ...

ਵੀਰੋ ਰੁੱਝਿਆ ਬੰਦਾ ਸਮੇ ਵਿੱਚੋਂ, ਸਮਾ ਕੱਢ ਲੈਂਦਾ ਹੈ
ਵਿਹਲੜ ਬੰਦਾ ਮੈਂ ਬਿਜ਼ੀ ਮੈਂ ਬਿਜ਼ੀ, ਜਪਦਾ ਰਹਿੰਦਾ ਹੈ
ਦੱਬ ਕੇ ਵਾਹ ਤੇ ਰੱਜ ਕੇ ਖਾਹ, ਹੱਥ ਤੰਗੀ ਨਹੀਂ ਹੁੰਦੀ
ਵਿੱਚ ਜਵਾਨੀ ਹੱਡ ਹਰਾਮੀ, ਚੰਗੀ ਨਹੀਂ ਹੁੰਦੀ ।
ਜਿਹੜੀ ਚਾਲੇ ਤੁਰੋਗੇ ਓਹੀਓ, ਤੋਰ ਬਣ ਜਾਵੇਗੀ
ਮੱਠੀ ਤੋਰ ਨਾਂ ਤੁਰੀਏ ਜਿੰਦੜੀ, ਖੋਰ ਬਣ ਜਾਵੇਗੀ
ਮੱਲ ਦਲਿੱਦਰ ਬੂਹਾ, ਉਮਰਾ ਲੰਬੀ ਨਹੀਂ ਹੁੰਦੀ
ਵਿੱਚ ਜਵਾਨੀ....
ਕਹਿੰਦੇ ਉੱਦਮ ਅੱਗੇ ਲੱਛਮੀ, ਤੇ ਪੱਖੇ ਅੱਗੇ ਪੌਣ
ਚਾਰ ਛਿਲੜ ਹੋਣ ਪੱਲੇ, ਤੁਰਦਾ ਉੱਚੀ ਕਰਕੇ ਧੌਣ
ਬਿਨ ਮੱਖਣ ਤੇ ਲੱਸੀ, ਚਾਟੀ ਥੰਹਦੀ ਨਹੀਂ ਹੁੰਦੀ
ਵਿੱਚ ਜਵਾਨੀ....
ਉੱਦਮ ਤੇਰਾ ਰਿਜਕ ਬਥੇਰਾ, ਵਾਹ ਵਾਹ ਹੋ ਜਾਂਦੀ
ਨੰਗ ਬੰਦੇ ਦੀ ਥੂਹ ਥੂਹ, ਮੁਫਤੋ ਮੁਫਤੀ ਹੋ ਜਾਂਦੀ
ਜੀਹਦੇ ਘਰ ਦਾਣੇ ਓਹਦੇ ਕਮਲੇ, ਦੀ ਵੀ ਭੰਡੀ ਨਹੀਂ ਹੁੰਦੀ
ਵਿੱਚ ਜਵਾਨੀ....
ਸਮਾਂ ਬੜਾ ਬਲਵਾਨ ਸਮੇਂ ਦੇ, ਹਾਣੀ ਬਣ ਜਾਵੋ ਜੀ
ਪਲ ਪਲ ਨੂੰ ਸੰਭਾਲ ਕੇ, ਨਾਂ ਮੂੰਹ ਦੀ ਖਾਵੋ ਜੀ
ਕੀ ਖੋਇਆ ਕੀ ਪਾਇਆ ਕਰ ਚਿੰਤਨ, ਹਾਲਤ ਮੰਦੀ ਨਹੀਂ ਹੁੰਦੀ
ਵਿੱਚ ਜਵਾਨੀ ਹੱਡ ਹਰਾਮੀ, ਚੰਗੀ ਨਹੀਂ ਹੁੰਦੀ॥

ਕਲਮ : ਬਲਵੰਤ ਗੱਖੜ, 94642-20600

## ਮੇਰੀ ਰਾਹ ਦਸੇਰਾ

ਡਾ : ਸਰਬਜੀਤ ਕੌਰ ਸੋਹਲ

ਜੀਅ ਕਰਦਾ
ਤੇਰੇ ਤੇ ਇਕ ਨਜ਼ਮ ਲਿਖਾਂ
ਉਸ ਨਜ਼ਮ ਵਿੱਚ ਕੁਝ ਲਫ਼ਜ਼ ਲਿਖਾਂ
ਮੈਨੂੰ ਲੱਗਦਾ ਤੂੰ ਤੇ
ਬੱਤੀ ਗੁਣ ਸੁੱਲਖਣੀ ਨਾਰ ਹੈ
ਗੁਣਾਂ ਦਾ ਭਰਿਆ ਭੰਡਾਰ ਹੈ
ਕੁੱਲ ਔਰਤ ਜਾਤੀ ਦਾ ਮਾਣ ਹੈ
ਜਿਉਂ ਜਿਉਂ ਤੈਨੂੰ ਪੜ੍ਹਦੀ ਜਾਵਾਂ
ਦੂਣ ਸਵਾਈ ਹੋਈ ਜਾਵਾਂ
ਤੇਰੀਆਂ ਲਿੱਖਤਾਂ ਵਿੱਚੋਂ ਮਹਿਕ ਹੈ ਆਉਂਦੀ
ਤੇਰੇ ਪਿਆਰ ਦੀ ਤੇਰੇ ਕਿਰਦਾਰ ਦੀ
ਤੇਰੀ ਸਾਦ - ਮੁਰਾਦੀ ਰਹਿਣੀ ਬਹਿਣੀ
ਇੱਕੋ ਜਿਹੀ ਹੈ ਤੇਰੀ ਕਹਿਣੀ ਤੇ ਕੱਥਨੀ
ਹਰ ਵੇਲੇ ਮੁਸਕਰਾਉਂਦੀ ਰਹਿੰਦੀ
ਹਰੇਕ ਦੇ ਕੰਮ ਤੂੰ ਭੱਜ ਭੱਜ ਕਰਦੀ
ਸੱਭ ਨੂੰ ਤੂੰ ਹੈਂ ਨਾਲ ਲੈ ਕੇ ਚਲਦੀ
ਹਰ ਇਕ ਨੂੰ ਤੂੰ ਵਡਿਆਉਂਦੀ ਰਹਿੰਦੀ
ਮਾਂ ਬੋਲੀ ਦੀ ਕਰਦੀ ਰੱਜ ਕੇ ਸੇਵਾ
ਸੇਵਾ ਵਿੱਚੋਂ ਮਿਲਦਾ ਮੇਵਾ
ਤਾਂਹੀ ਸਿਆਣੇ ਕਹਿੰਦੇ ਨੇ
ਮੈਨੂੰ ਤੂੰ ਸਮਝਾਉਂਦੀ ਰਹਿੰਦੀ
ਲੋਕਾਂ ਤਾਂ ਕੁਝ ਨਾ ਕੁਝ ਕਹਿੰਦੇ ਰਹਿਣਾ
ਆਪਣੀ ਚਾਲੇ ਚੱਲਦੇ ਜਾਉ
ਗੀਤ ਪਿਆਰ ਦੇ ਗਾਉਂਦੇ ਜਾਉ
ਕਲਮ ਵਿੱਚ ਬਹੁਤ ਤਾਕਤ ਹੁੰਦੀ
ਲਿਖਦੇ ਜਾਉ, ਲਿਖਦੇ ਜਾਉ
ਸ਼ਬਦਾਂ ਦੇ ਤੁਸੀਂ ਹਾਰ ਬਣਾਉ
ਦੁਨੀਆਂ ਦੀ ਤੂੰ ਉੱਚ ਨੀਚ ਸਮਝਾਉਂਦੀ
ਹਿੰਮਤ , ਹੌਂਸਲਾ ਰੱਖ , ਤੂੰ ਮੈਨੂੰ ਕਹਿੰਦੀ
ਆਪਣੀ ਪਰਵਾਜ਼ ਆਪ ਹੈ ਭਰਨੀ
ਦੁਨੀਆਂ ਦੀ ਨਹੀਂ ਪ੍ਰਵਾਹ ਹੈ ਕਰਨੀ
ਇਹਨਾਂ ਮੋਹ - ਭਿੱਜੇ ਸ਼ਬਦਾਂ ਨਾਲ
ਤੂੰ ਮੈਨੂੰ ਗਲੇ ਲਗਾਉਂਦੀ
ਤਾਂਹੀ ਤਾਂ ਮੈਂ ਸੱਭ ਨੂੰ ਹੱਸਕੇ ਕਹਿੰਦੀ
ਤੂੰ ਤੇ ਹੈ ਮੇਰੀ ਰਾਹ ਦਸੇਰਾ।

(ਰਮਿੰਦਰ ਰੰਮੀ)

# ਸੋਚ ਦੀ ਪਵਿੱਤਰਤਾ

ਜੇਕਰ ਸੋਚ ਪਵਿੱਤਰ ਹੈ ਤਾਂ ਹਿਰਦਾ ਵੀ ਪਵਿੱਤਰ ਹੋਵੇਗਾ। ਜੇਕਰ ਹਿਰਦਾ ਪਵਿੱਤਰ ਹੈ ਤਾਂ ਆਚਰਣ ਵੀ ਸੁੰਦਰ ਹੋਵੇਗਾ। ਜੇਕਰ ਆਚਰਣ ਸੁੰਦਰ ਹੈ ਤਾਂ ਕਰਮ ਤੇ ਵਿਵਹਾਰ ਵੀ ਸੁਚੱਜਾ ਹੋਵੇਗਾ, ਜਿਸ ਨਾਲ ਜੱਗ ਦੀ ਸ਼ੋਭਾ ਵੀ ਮਿਲੇਗੀ ਤੇ ਪਰਿਵਾਰਕ ਸੁੱਖ ਸ਼ਾਂਤੀ ਵੀ ਬਣੀ ਰਹੇਗੀ। ਇਸ ਤੋਂ ਵੀ ਅੱਗੇ ਸਮਾਜਿਕ ਵਿਕਾਸ ਵੀ ਤੇਜ਼ ਗਤੀ ਦੇ ਨਾਲ ਸਹੀ ਦਿਸ਼ਾ ਵਿੱਚ ਹੋ ਸਕੇਗਾ ।ਮੁਲਕ ਵਿੱਚ ਅਮਨ ਸ਼ਾਂਤੀ ਬਰਕਰਾਰ ਰਹੇਗੀ, ਲੋਕਾਂ ਦੇ ਦਿਲਾਂ ਵਿਚ ਇਕ ਦੂਸਰੇ ਵਾਸਤੇ ਦਰਦ ਸਮੇਂ ਦਰਦ, ਹਮਦਰਦੀ ਸਮੇਂ ਹਮਦਰਦੀ ਦੀ ਸੰਵੇਦਨਾ ਹੋਣ ਦੇ ਕੁਦਰਤੀ ਭਾਵ ਹੋਣ ਦੇ ਨਾਲ ਨਾਲ ਹੀ ਲੋੜ ਸਮੇਂ ਇਕ ਦੂਸਰੇ ਨੂੰ ਸਹਾਰਾ ਦੇ ਕੇ, ਬਾਂਹ ਫੜਕੇ ਜਾਂ ਫਿਰ ਮੋਢੇ ਨਾਲ ਮੋਢਾ ਡਾਹ ਕੇ ਨਾਲ ਤੋਰਨ ਦੀ ਤਾਂਘ ਵੀ ਬੜੀ ਤੀਬਰ ਹੋਵੇਗੀ । ਲੋਕ ਇਕ ਦੂਸਰੇ ਦੇ ਸੰਗੀ ਸਾਥੀ ਹੋ ਕੇ ਸਾਹੀਂ ਵਿਸਮਣਗੇ । ਹਰੇਕ ਦੀ ਖ਼ੁਸ਼ੀ ਜਾਂ ਫਿਰ ਗ਼ਮੀ ਸਭਨਾ ਦੀ ਸਾਂਝੀ ਹੋਵੇਗੀ । ਲੋੜਵੰਦਾਂ ਦੀ ਲੋੜ ਰਲਮਿਲਕੇ ਪੂਰੀ ਹੋਵੇਗੀ । ਭਾਈਚਾਰਕ ਸਾਂਝ, ਮੇਲ ਮਿਲਾਪ ਰਲਕੇ ਸਾਂਝੀਵਾਲਤਾ ਦਾ ਪਰਚਮ ਬੁਲੰਦ ਕਰਨਗੇ । ਜਿੱਥੇ ਸੋਚ ਦੀ ਪਵਿੱਤਰਤਾ ਦਾ ਵਾਸਾ ਹੋਵੇਗਾ ਉੱਥੇ ਦੂਈ ਦਵੈਤ ਨਹੀਂ ਹੋਵੇਗੀ, ਧੜੇਬੰਦੀਆਂ ਦੀ ਗੁੱਟਬਾਜੀ ਤੋਂ ਬੇਲਾਗ ਸਭ ਨਾਲ ਬਰਾਬਰਤਾ ਦਾ ਸਲੂਕ ਕੀਤਾ ਜਾਵੇਗਾ । ਮਜ਼ਬੀ ਫ਼ਿਰਕਾ ਪ੍ਰਸਤੀ, ਜਾਤ ਪਾਤ, ਅਮੀਰ ਗਰੀਬ ਵਿਚਲਾ ਪਾੜਾ ਜਾਂ ਅੰਤਰ ਤੇ ਰੰਗ ਨਸਲ ਦਾ ਭੇਦ ਤੇ ਵਿਤਕਰਾ ਬੇ ਮਾਅਨੇ ਹੋ ਕੇ ਰਹਿ ਜਾਣਗੇ, ਸਭ ਨੂੰ ਏਕ ਨੂਰ ਤੋਂ ਉਪਜੇ ਹੋਏ ਬੰਦੇ ਤਸਲੀਮ ਕਰਕੇ ਬਿਨਾ ਕਿਸੇ ਵਿਤਕਰੇ ਦੇ ਬਰਾਬਰ ਦਾ ਸਤਿਕਾਰ ਦਿੱਤਾ ਜਾਵੇਗਾ । ਲਿੰਗ ਭੇਦ ਨੂੰ ਕੁਦਰਤ ਦੀ ਵਿਲੱਖਣਤਾ ਮੰਨਕੇ ਇਸ ਨੂੰ ਸਮਝਿਆਂ ਤੇ ਸਤਿਕਾਰਿਆ ਜਾਵੇਗਾ । ਗੱਲ ਸੋਚ ਦੀ ਪਵਿੱਤਰਤਾ ਦੀ ਹੈ, ਜੇਕਰ ਕਿਸੇ ਦੀ ਸੋਚ ਵਿੱਚ ਲੋਚਾ ਹੈ, ਉਸ ਦੀ ਸੋਚ ਨੀਚ ਹੈ, ਨਫ਼ਰਤ, ਹੇਰਾ-ਫੇਰੀ, ਈਰਖਾ, ਚਲਾਕੀ ਜਾਂ ਸ਼ੈਤਾਨੀ ਵਾਲੀ ਹੈ ਤਾਂ ਉਸ ਵਿਅਕਤੀ ਦਾ ਵਿਵਹਾਰ ਆਮ ਲੋਕਾਂ ਨਾਲ਼ੋਂ ਬਿਲਕੁਲ ਵੱਖਰਾ ਹੋਵੇਗਾ, ਬੇਸ਼ੱਕ ਉਹ ਆਪਣੇ ਵਿਵਹਾਰ ਨੂੰ ਲੋਕਾਂ ਤੋਂ ਕਿੰਨਾ ਵੀ



ਲੁਕਾਉਣ ਦੀ ਕੋਸ਼ਿਸ਼ ਕਰੇ, ਪਰ ਉਸ ਦੀ ਬੌਡੀ ਲੈਂਗੁਏਜ, ਚੇਹਰੇ ਦੇ ਹਾਵ ਭਾਵ ਤੇ ਵਾਰਤਾਲਾਪ ਸਮੇਂ ਵਰਤੇ ਗਏ ਸ਼ਬਦ, ਉਸ ਦੇ ਅੰਦਰਲੀ ਸੋਚ ਦਾ ਸੱਚ ਬਿਆਨ ਕਰ ਹੀ ਦੇਣਗੇ । ਕਹਿਣ ਦਾ ਭਾਵ ਇਹ ਕਿ ਕਿਸੇ ਵੀ ਮਨੁੱਖ ਦੀ ਰਫ਼ਤਾਰ, ਗੁੱਫਤਾਰ ਤੇ ਦਸਤਾਰ ਵਿੱਚੋਂ ਉਸ ਦੀ ਅੰਦਰੂਨੀ ਸੋਚ ਨੂੰ ਬਾਖੂਬੀ ਹੀ ਪਹਿਚਾਣਿਆ ਜਾ ਸਕਦਾ ਹੈ । ਕੁਦਰਤ ਬੜੀ ਬੇਅੰਤ ਹੈ, ਬੇਸ਼ੱਕ ਵਿਗਿਆਨੀ ਇਸ ਦੇ ਗੁੱਝੇ ਭੇਦਾਂ ਦੀ ਥਹੁ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅੰਤਿਮ ਤੇ ਕੰਧ 'ਤੇ ਲਿਖਿਆ ਸੱਚ ਏਹੀ ਹੈ ਕਿ ਕੁਦਰਤ ਨੇ ਬਹੁਤਾ ਕੁੱਜ ਲੁਕਾਇਆ ਹੀ ਨਹੀਂ, ਬੱਸ ਮਨੁੱਖ ਦੀ ਸਮਝ ਵਿੱਚ ਹੀ ਨਹੀਂ ਆ ਰਿਹਾ ਜਿਸ ਕਰਕੇ ਮਨੁੱਖ ਤੁਕਾ ਮਾਰ ਥਿਊਰੀਆਂ ਉੱਤੇ ਕੰਮ ਕਰ ਰਿਹਾ ਹੈ ਤੇ ਕਰਦਾ ਰਹੇਗਾ । ਸਮਾਂ ਇਕ ਅੱਥਰਾਂ ਘੋੜਾ ਹੈ ਜੋ ਸਰਪਟ ਦੋੜ ਰਿਹਾ ਹੈ ਤੇ ਦੌੜਦਾ ਰਹੇਗਾ , ਇਸ ਨੂੰ ਕਦੇ ਵੀ ਰੋਕਿਆ ਜਾਂ ਬੰਨ੍ਹਿਆ ਨਹੀਂ। ਜਾ ਸਕੇਗਾ, ਅੱਗ,ਪਾਣੀ ਤੇ ਹਵਾ ਆਪੋ ਆਪਣਾ ਪ੍ਰਕਿਰਤਕ ਫਰਜ ਜਾਂ ਧਰਮ ਨਿਭਾਉਂਦੇ ਆਏ ਹਨ ਤੇ ਨਿਭਾਉਂਦੇ ਰਹਿਣਗੇ। ਕੁਦਰਤ ਵਿੱਚ ਉਪਜਣ, ਵਿਗਸਣ ਤੇ ਵਿਨਸਣ ਦੀ ਪ੍ਰਕਿਰਿਆ ਯੁੱਗਾਂ ਯੁੱਗਾਂਤਰਾਂ ਤੋਂ ਚਲਦੀ ਆਈ ਹੈ ਤੇ ਚਲਦੀ ਰਹੇਗੀ। ਹਰ ਦਿਨ ਸਵੇਰ, ਦੁਪਹਿਰ ਤੇ ਸ਼ਾਮ ਦਾ ਚੱਕਰ ਨਿਰੰਤਰ ਚੱਲਦਾ ਰਹੇਗਾ। ਰੁੱਤਾਂ ਬਦਲਦੀਆਂ ਰਹਿਣਗੀਆਂ, ਗਰਮੀ, ਸਰਦੀ, ਬਰਸਾਤ, ਪਤਝੜ ਤੇ ਬਸੰਤ ਬਹਾਰ ਆਪੋ ਆਪਣੇ ਰੰਗ ਬਿਖੇਰਦੀਆਂ ਰਹਿਣਗੀਆਂ । ਇਸ ਬ੍ਰਹਿਮੰਡ ਦਾ ਹਰ ਜੀਵ ਤੇ ਕਿਣਕਾ, ਉਸ ਦਾ ਹੀ ਅੰਸ਼ ਹੈ, ਬੱਸ ਅੰਤਰ ਗੜਬੀ ਤੇ ਸਮੁੰਦਰ ਵਿਚਲੇ ਪਾਣੀ ਕੁ ਜਿੰਨਾ ਹੀ ਹੈ, ਗੜਬੀ ਦਾ ਪਾਣੀ ਸਮੁੰਦਰ ਚੋਂ ਭਰ ਲਿਆ ਜਾਵੇ ਤਾਂ ਵੱਖਰਾ ਦਿਸਦਾ ਹੈ ਜਦ ਕਿ ਓਹੀ ਪਾਣੀ ਸਮੁੰਦਰ ਵਿੱਚ ਦੁਬਾਰਾ ਡੋਲ੍ਹ ਦਿੱਤਾ ਜਾਵੇ ਤਾਂ ਉਸ ਦੀ ਆਪਣੀ ਪਹਿਚਾਣ ਸਮੁੱਚ ਚ ਮਿਲਦਿਆਂ ਸਾਰ ਹੀ ਫ਼ਨਾਹ ਹੋ ਜਾਂਦੀ ਹੈ । ਮਨੁੱਖ ਇਸ ਸੱਚ ਨੂੰ ਅੱਜ ਸਵੀਕਾਰ ਲਵੇ ਜਾਂ ਅਗਲੇ ਸੌ ਸਾਲ ਬਾਅਦ, ਪਰ ਇਸ ਸੱਚ ਨੂੰ ਸਵੀਕਾਰਨ ਨਾਲ ਹੀ ਇਸ ਧਰਤੀ 'ਤੇ ਵਸਦੀ ਲੋਕਾਈ ਦਾ ਭਲਾ ਹੋਵੇਗਾ ਵਰਨਾ ਮਾਰ ਮਰਈਆ ਤੇ ਖ਼ੂਨ ਖ਼ਰਾਬਾ ਚੱਲਦਾ ਰਹੇਗਾ , ਲੋਕਾਈ ਮਰਦੀ ਰਹੇਗੀ, ਦੁਰਾਚਾਰ ਤੇ ਅਨਾਚਾਰ ਦਾ ਉਪੱਦਰ ਵਧਦਾ ਫੁੱਲਦਾ ਤੇ ਫੈਲਦਾ ਹੀ ਰਹੇਗਾ । ਧਰਤੀ ਤੇ ਲੀਕਾਂ ਵੱਜਦੀਆਂ ਰਹਿਣਗੀਆਂ, ਮੁਲਕ ਲੜਦੇ ਰਹਿਣਗੇ, ਬਰੂਦ ਸਿੱਕੇ ਨਾਲ ਦੁਨੀਆ ਵਿੱਚ ਤਬਾਹੀ ਮੱਚਦੀ ਰਹੇਗੀ । ਕੁਦਰਤੀ ਸੋਮੇ ਵਪਾਰਕ ਵਸਤਾਂ ਬਣਨਗੀਆਂ, ਉਹਨਾ 'ਤੇ ਕਬਜ਼ੇ ਕਰਨ ਵਾਸਤੇ ਸੰਘਰਸ਼ ਤੇ ਲੜਾਈਆ ਹੋਣਗੀਆਂ, ਵਪਾਰਕ ਮਨਸ਼ੇ ਨਾਲ ਕੁਦਰਤੀ ਸੋਮਿਆ ਦੀ ਲੁੱਟ ਖਸੁੱਟ ਵੀ ਹੋਵੇਗੀ ਤੇ ਬਰਬਾਦੀ ਵੀ ।

ਮੁੱਕਦੀ ਗੱਲ ਇਹ ਕਿ ਅਜੋਕੇ ਮਨੁੱਖ ਵਾਸਤੇ ਸੋਚ ਦੀ ਸ਼ੁੱਧਤਾ ਦਾ ਹੋਣਾ ਅਤੀ ਜ਼ਰੂਰੀ ਹੈ । ਮੈ ਇਹ ਨਹੀਂ ਕਹਿ ਰਿਹਾ ਕਿ ਸਾਰੇ ਮਨੁੱਖਾਂ ਦੀ ਸੋਚ ਮਲੀਨ ਹੁੰਦੀ ਹੈ, ਨਹੀਂ ਇਸ ਤਰਾਂ ਬਿਲਕੁਲ ਵੀ ਨਹੀਂ, ਸਮਾਜ ਵਿੱਚ ਬਹੁਤ ਸਾਰੇ ਮਨੁੱਖ ਬੰਦੇ ਹੀ ਨਹੀਂ ਬਲਕਿ ਇਨਸਾਨ ਹਨ । ਉਹ ਸ਼ੁੱਧ ਸੋਚ ਦੇ ਮਾਲਿਕ ਹਨ । ਉਹਨਾਂ ਦੇ ਕਰਮ ਉਹਨਾਂ ਦੀ ਸੋਚ ਵਿਚਲੀ ਸ਼ੁਧਤਾ ਨੂੰ ਅੱਖਰ ਅੱਖਰ ਬਿਆਨ ਕਰਦੇ ਹਨ, ਮੇਰੇ ਕਹਿਣ ਦਾ ਭਾਵ ਇਹ ਕਿ ਜੋ ਲੇਕ ਮਲੀਨ ਸੋਚ ਦੇ ਗੁਲਾਮ ਹਨ, ਉਹਨਾ ਨੂੰ ਆਪਣੀ ਜ਼ਿੰਦਗੀ ਦੀ ਬੇਹਤਰੀ ਵਾਸਤੇ ਇਸ ਮਲੀਨ ਸੋਚ ਦੀ ਗੁਲਾਮੀ ਤੋਂ ਬਾਹਰ ਨਿਕਲਣਾ ਪਵੇਗਾ, ਨਹੀਂ ਤਾਂ ਫਿਰ, "ਆਪ ਵੀ ਡੁੱਬੇ ਤੇ ਜਜਮਾਨ ਵੀ ਡੋਬੇ" ਵਾਲੀ ਗੱਲ ਹੋਵੇਗੀ । ਆਖਿਰ ਚ ਏਹੀ ਕਹਾਂਗਾ ਕਿ ਸੋਚ ਵਿਚਲੀ ਮਲੀਨਤਾ ਜਿੱਥੇ ਮਨੁੱਖੀ ਸਮਾਜ ਵਾਸਤੇ ਅਤੀ ਘਾਤਕ ਹੈ ਉੱਥੇ ਇਹ ਕੁਦਰਤ ਦੇ ਸਮੁੱਚੇ ਵਰਤਾਰੇ ਵਾਸਤੇ ਵੀ ਬਹੁਤ ਨੁਕਸਾਨਦਾਇਕ ਹੈ । ਇਸ ਕਰਕੇ ਸਮਾਜ ਨੂੰ ਬੱਚਿਆ ਦੇ ਸੰਸਕਾਰਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਤੇ ਦੂਜੀ ਗੱਲ, ਮਲੀਨ ਸੋਚ ਵਾਲੇ ਲੋਕਾਂ ਦੀ ਪਹਿਚਾਣ ਕਰਕੇ ਉਹਨਾ ਦੇ ਭਲੇ ਹਿਤ ਕਾਰਜ ਕਰਨਾ ਵੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਮਨੁੱਖਤਾ ਦਾ ਭਲਾ ਹੋ ਸਕੇ ਅਤੇ ਲੋਕਾਈ ਘੁੱਗ ਵਸਦੀ ਰਹੇ ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)



ਪੰਜਾਬ ਸਟਾਰ
www.punjabstar.com

# ਸੋਹਣਿਆਂ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀ ਆਂ !



ਘੋੜੀਆਂ ਉਹ ਲੋਕ-ਗੀਤ ਹਨ, ਜੋ ਲੜਕੇ ਦੇ ਵਿਆਹ ਤੋਂ ਪਹਿਲਾਂ ਉਸ ਦੇ ਘਰ ਵਿੱਚ ਇਕੱਠੀਆਂ ਹੋਈਆਂ ਔਰਤਾਂ ਵਲੋਂ ਗਾਏ ਜਾਂਦੇ ਨੇ। ਇਹਨਾਂ ਵਿੱਚ ਲਕੇ ਦੀਆਂ ਭੈਣਾਂ, ਭਰਜਾਈਆਂ ਅਤੇ ਹੋਰ ਗਵਾਂਢਣ ਔਰਤਾਂ ਵੀ ਸ਼ਾਮਿਲ ਹੁੰਦੀਆਂ ਨੇ । ਇਹਨਾਂ ਵਿੱਚ ਜਿੱਥੇਲੜਕੇ ਦੇ ਖਾਨਦਾਨ ਦੀ ਵਡਿਆਈ ਅਤੇ ਸ਼ਾਨ ਦਾ ਜਿਕਰ ਹੁੰਦਾ ਏ, ਉੱਥੇ ਲੜਕੇ ਅਤੇ ਉਸ ਪਰਿਵਾਰ ਨਾਲ ਮੋਹ, ਲਾਡ ਪਿਆਰ ਵੀ ਦਰਸਾਇਆ ਜਾਂਦਾ। ਵਿਆਹ ਵਾਲੇ ਲੜਕੇ ਅਤੇ ਪਰਿਵਾਰ ਨੂੰ ਵਧੀਆ ਭਵਿੱਖ ਲਈ ਸ਼ੁਭ ਕਾਮਨਾਵਾਂ ਭੇਟ ਕੀਤੀਆਂ ਜਾਂਦੀਆਂ ਨੇ। ਮਿਲ ਕੇ ਗਾਉਣ ਨਾਲ ਜਿਥੇ ਇੱਕ ਬੱਝਵਾਂ ਪ੍ਰਭਾਵ ਪੈਂਦਾ , ਉਥੇ ਲੰਮੀ ਹੇਕ ਨਾਲ ਵਾਤਾਵਰਨ ਵੀ ਸੁਖਾਵਾਂ ਅਤੇ ਖੁਸ਼ੀ ਭਰਿਆ ਹੋ ਜਾਂਦਾ।

ਇਹਨਾਂ ਗੀਤਾਂ ਨੂੰ ਗਾਉਣ ਵੇਲੇ ਹੋਰ ਲੋਕ-ਗੀਤਾਂ ਵਾਂਗ ਹੀ ਰੂਹ ਚੋਂ ਡੁੱਲਦਾ ਚਾਅ ਭਾਰੂ ਹੁੰਦਾ ਸੀ ਅਤੇ ਹਰ ਹਾਜਰ ਔਰਤ ਆਪਣੀ ਹਾਜ਼ਰੀ ਤਦ ਹੀ ਲੱਗੀ ਮੰਨਦੀ , ਜਦੋ ਉਹ ਵੀ ਆਪਣੀ ਲੰਮੀ ਹੇਕ ਹੋਰ ਆਵਾਜ਼ਾਂ ਨਾਲ ਮਿਲਾ ਕੇ ਇਸ ਖੁਸ਼ੀ ਨੂੰ ਕਈ ਗੁਣਾ ਕਰ ਲੈਂਦੀ ।

ਘੋੜੀ ਦਾ ਸਿਖਰ ਉਦੋਂ ਹੁੰਦਾ ਸੀ, ਜਦੋ ਬਰਾਤ ਤੁਰਨੀ ਹੁੰਦੀ ਸੀ ।

ਅੱਜ ਵਾਂਗੂ ਕਾਰਾਂ ਨਹੀਂ ਸਨ ਹੁੰਦੀਆਂ। ਪਸ਼ੂ ਹੀ ਆਵਾਜਾਈ ਦਾ ਸਾਧਨ ਸਨ।ਵਿਆਹ ਵਾਲੇ ਲੜਕੇ ਨੂੰ ਘੋੜੀ ਤੇ ਚੜ੍ਹਾਇਆ ਜਾਂਦਾ ਸੀ।

ਕੁੜੀਆਂ ਇਸ ਸਜੀ ਹੋਈ ਘੋੜੀ ਨੂੰ ਥਾਲੀ ਚ ਲਿਆ ਕੇ ਦਾਣਾ ਪਾਉਂਦੀਆਂ ਅਤੇ ਵਾਗ ਗੁੰਦਦੀਆਂ। ਭਾਬੀਆ ਵਿਆਹ ਵਾਲੇ ਮੁੰਡੇ ਦੇ ਸੁਰਮਾ ਪਾਉਂਦੀਆਂ। ਭੈਣਾਂ ਅਤੇ ਹੋਰ ਲੜਕੀਆਂ ਪਿੱਛੇ ਤੋਂ ਮਿਲ ਕੇ ਗੀਤ ਗਾਉਂਦੀਆਂ। ਇਹ ਖੁਸ਼ੀ ਦੇ, ਸ਼ਾਨ ਦੇ, ਪ੍ਰਸੰਸਾ ਦੇ ਅਤੇ ਸ਼ੁਭ ਦੁਆਵਾਂ ਵਾਲੇ ਲੈਅ ਭਰੇ ਬੋਲ ਹੀ ਘੋੜੀਆਂ ਕਹਾਉਂਦੇ ਹਨ।

ਘੋੜੀ ਵਿਚ ਮਾਂ ਭੈਣ ਅਤੇ ਭਰਜਾਈ ਦੀਆਂ ਰੀਝਾਂ ਇੱਕ ਤਾਲ ਵਿਚ ਗੂੰਜਦੀਆਂ ਹਨ-

* ਨਿੱਕੀ ਨਿੱਕੀ ਬੂੰਦੀ
ਵੇ ਨਿੱਕਿਆ, ਮੀਂਹ ਵੇ ਵਰੇ
ਮਾਂ ਵੇ ਸੁਹਾਗਣ, ਤੇਰੇ ਸ਼ਗਨ ਕਰੇ।
ਵੇ ਨਿੱਕਿਆ, ਤੇਰੇ ਸ਼ਗਨ ਕਰੇ।

*ਵੇ ਨਿੱਕਿਆ,ਦੰਮਾਂ ਦੀ ਬੋਰੀ
ਤੇਰਾ ਬਾਬਾ ਫੜੇ।
ਨੀਲੀ ਨੀਲੀ ਵੇ ਘੋੜੀ
ਮੇਰਾ ਨਿੱਕੜਾ ਚੜ੍ਹੇ।

*ਵੇ ਨਿੱਕਿਆ, ਭੈਣ ਵੇ ਸੁਹਾਗਣ
ਤੇਰੀ ਵਾਗ ਫੜੇ।
ਵੇ ਨਿੱਕਿਆ,ਪੀਲੀ ਪੀਲੀ ਦਾਲ
ਤੇਰੀ ਘੋੜੀ ਚਰੇ।

ਜਿਸ ਘੋੜੀ ਤੇ ਲਾੜਾ ਬਿਠਾਇਆ ਗਿਆ ਹੁੰਦਾ ਹੈ, ਉਹ ਕੋਈ ਆਮ ਘੋੜੀ ਥੋੜ੍ਹਾ ਰਹਿ ਜਾਂਦੀ ਏ। ਪਹਿਲੀ ਗੱਲ ਤਾਂ ਇਹ ਕਿ ਇਸ ਘੋੜੀ ਨੂੰ ਵੀ ਖੂਬ ਸਜਾਇਆ ਗਿਆ ਹੁੰਦਾ ਹੈ। ਤੇ ਫਿਰ ਲਾੜੇ ਨੂੰ ਲਿਜਾਣ ਵਾਲੀ ਘੋੜੀ ਵੀ ਸਿਫਤ ਸਲਾਹ ਅਤੇ ਦੁਆਵਾਂ ਦੀ ਹੱਕਦਾਰ ਬਣ ਜਾਂਦੀ ਏ।

*ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਾ ਵਿਆਹੁਣ ਪੋਤਰੇ ਨੂੰ ਚੱਲਿਆ,
ਲੱਠੇ ਨੇ ਖੜ ਖੜ ਲਾਈ ਰਾਮਾ।

*ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਲ ਵਿਆਹੁਣ ਪੁੱਤਰ ਨੂੰ ਚੱਲਿਆ
ਦੰਮਾਂ ਨੇ ਖੜ ਖੜ ਲਾਈ ਰਾਮਾ।



--- ਇਸੇ ਤਰਾਂ ਰਿਸ਼ਤਾ ਬਦਲ ਬਦਲ ਕੇ ਦੁਹਰਾਅ ਹੁੰਦਾ ਰਹਿੰਦਾ ਹੈ। ਮਾਮੇ ਵੇਲੇ ਛਾਪਾਂ, ਚਾਚੇ ਵੇਲੇ ਰੱਥ ਗੱਡੀਆਂ ਅਤੇ ਵੀਰ ਵੇਲੇ ਊਠ ਹਨ, ਜੋ ਖੜ ਖੜ ਲਾਉਣ ਦਾ ਕੰਮ ਕਰਦੇ ਹਨ।



ਜਸਵਿੰਦਰ ਸਿੰਘ ਰੁਪਾਲ
9814715796

ਘੋੜੀ ਤੇ ਚੜ੍ਹੇ ਵੀਰ ਦਾ ਭੈਣਾਂ ਨੂੰ ਕਿੰਨਾ ਚਾਅ ਹੈ, ਉਹਨਾਂ ਤੋਂ ਸੰਭਾਲਿਆ ਨਹੀਂ ਜਾ ਰਿਹਾ। ਇਸ ਸਮੇਂ ਭੈਣਾਂ ਆਪਣੀ ਚੁੰਨੀ ਨਾਲ ਵੀਰ ਦੇ ਵਾਲ ਝੱਲਦੀਆਂ ਹਨ, ਜਿਵੇ ਕੋਈ ਚੋਬਦਾਰ ਕਿਸੇ ਰਾਜੇ ਮਹਾਰਾਜੇ ਨੂੰ ਚੌਰ ਕਰਦਾ ਹੋਵੇ। ਇਸ ਤਰਾਂ ਵਾਲ ਝੱਲਦੀਆਂ ਭੈਣਾਂ ਨਾਲ ਨਾਲ ਵੀਰ ਤੋ ਬਲਿਹਾਰੇ ਵੀ ਜਾ ਰਹੀਆਂ ਹਨ ਅਤੇ ਦੁਆਵਾਂ ਵੀ ਮਣਾ ਮੂੰਹੀਂ ਵੰਡ ਰਹੀਆਂ ਨੇ---

* ਜਦੋਂ ਚੜ੍ਹਿਆ ਵੀਰਾ ਘੋੜੀ ਵੇ,
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ,
ਲਟਕੇਂਦੜੇ ਵਾਲ ਸੋਨੇ ਦੇ।
ਸੁਹਣਿਆਂ ਵੀਰਾ ! ਮੈਂ ਤੈਨੂੰ ਘੋੜੀ ਚੜੇਨੀ ਆਂ !

* ਜਦੋਂ ਲੱਗੀਆਂ ਵੀਰਾ ਤੈਨੂੰ ਮਾਈਆਂ ਵੇ,
ਤੇਰੀ ਮਾਂ ਨੂੰ ਮਿਲਣ ਵਧਾਈਆਂ ਵੇ,
ਲਟਕੇਂਦੜੇ ਵਾਲ ਸੋਨੇ ਦੇ।
ਸੁਹਣਿਆਂ ਵੀਰਾ ! ਮੈਂ ਤੈਨੂੰ ਘੋੜੀ ਚੜੇਨੀ ਆਂ !

* ਮੇਰੇ ਚੰਨ ਨਾਲੋਂ ਸੁਹਣਿਆਂ ਵੀਰਾ ਵੇ।
ਤੇਰੇ ਸਿਰ ਸੋਨੇ ਦਾ ਚੀਰਾ ਵੇ।
ਲਟਕੇਂਦੜੇ ਵਾਲ ਸੋਨੇ ਦੇ।
ਸੁਹਣਿਆਂ ਵੀਰਾ ! ਮੈਂ ਤੈਨੂੰ ਘੋੜੀ ਚੜੇਨੀ ਆਂ !

* ਜਦ ਚੜਿਆ ਵੀਰਾ ਖਾਰੇ ਵੇ
ਤੇਰਾ ਬਾਪ ਰੁਪਈਏ ਵਾਰੇ ਵੇ
ਲਟਕੇਂਦੜੇ ਵਾਲ ਸੋਨੇ ਦੇ।
ਸੁਹਣਿਆਂ ਵੀਰਾ ! ਮੈਂ ਤੈਨੂੰ ਘੋੜੀ ਚੜੇਨੀ ਆਂ !

ਸਿਰਫ ਘੋੜੀ ਨੂੰ ਮੁੱਖ ਰੱਖ ਕੇ ਹੀ ਕਾਫੀ ਗੀਤ ਹਨ । ਸਾਰੇ ਲਿਖਣੇ ਸੰਭਵ ਨਹੀਂ ,ਮਾਤਰ ਮੁੱਖ ਪੰਕਤੀ ਲਿਖ ਰਹੇ ਹਾਂ--

* ਘੋੜੀ ਸੋਂਹਦੀ ਕਾਠੀਆਂ ਦੇ ਨਾਲ--
ਮੈਂ ਬਲਿਹਾਰੀ ਵੇ, ਮਾਂ ਦਿਆ ਸੁਰਜਣਾਂ।

* ਘੋੜੀ ਬਾਬੇ ਵਿਹੜੇ ਜਾ ,ਤੇਰੇ ਬਾਬੇ ਦੇ ਮਨ ਸ਼ਾਦੀਆਂ
....ਨੀ ਘੋੜੀ ਰਾਵਲੀ ਸਹੀਓ।

* ਘੋੜਾ ਤਾਂ ਬੀੜੀ ਵੇ ਵੀਰਾ
ਬਾਗਾਂ ਵੱਲ ਜਾਵੀਂ ਵੇ।

* ਘੋੜੀ ਤੇਰੀ ਅੰਬਰਸਰ ਦੀ
ਕਾਠੀ ਬਣੀ ਪਟਿਆਲੇ ।

* ਘੋੜੀ ਤਾਂ ਮੇਰੇ ਕਾਨ੍ਹ ਦੀ, ਨੀ ਦੀਵਾਨ ਦੀ,
ਧੰਨ ਘੋੜੀ।

* ਸੋਹਣੀ ਨੀ ਘੋੜੀ ਵੀਰ ਦੀ
ਉਚੇ ਨੂੰ ਪਾਣੀ ਡੋਲੀਏ।

* ਵੀਰਾ ਘੋੜੀ ਵਿਕੇਂਦੀਆਂ ਵੇ
ਗੰਗਾ ਯਮੁਨਾ ਤੋਂ ਪਾਰ !

ਇਹਨਾਂ ਗੀਤਾਂ ਵਿਚ ਘੋੜੀ ਦੀ ਸ਼ਾਨ, ਘੋੜੀ ਤੇ ਬੈਠੇ ਦੀ ਸ਼ਾਨ ਅਤੇ ਵੀਰ ਪ੍ਰਤੀ ਅਤੇ ਘੋੜੀ ਪ੍ਰਤੀ ਚਾਅ ਅਤੇ ਲਾਡ ਦਿਖਾਲਿਆ ਗਿਆ ਹੈ। ਉਹ ਘੋੜੀ ਵੀ ਧੰਨ ਹੈ ਜਿਸ ਤੇ ਬੈਠ ਕੇ ਚੰਨ ਜਿਹੇ ਵੀਰ ਨੇ ਸੋਹਣੀ ਭਾਬੀ ਲਿਆਉਣੀ ਹੈ। ਇਹ ਦਿਨ ਸੱਚਮੁੱਚ ਭਾਗਾਂ ਵਾਲਾ ਹੈ।

ਲੜਕੇ ਦੇ ਜਨਮ ਤੋਂ ਲੈ ਕੇ ਹਰ ਉਹ ਦਿਨ ਭਾਗਾਂ ਭਰਿਆ ਹੈ, ਜਿਸ ਵਿਚ ਉਹ ਜੰਮਿਆ, ਪਲਿਆ, ਵੱਡਾ ਹੋਇਆ, ਵਿਆਹ ਕਰਵਾਉਣ ਚੱਲਿਆ। ਉਹ ਘਰ ਉਹ ਵਿਹੜਾ ਭਾਗਾਂ ਭਰਿਆ ਹੈ। ਹੇਕ ਉੱਠਦੀ ਏ..

* ਹਰਿਆ ਨੀ ਮਾਏ, ਹਰਿਆ ਨੀ ਭੈਣੇ
ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ
ਸੋਈ ਦਿਹਾੜਾ ਭਾਗੀਂ ਭਰਿਆ। .....

ਵਿਆਹ ਵਾਲੇ ਦਿਨ ਕਿੰਨੇ ਹੀ ਲਾਗੀਆਂ ਅਤੇ ਕੰਮੀਆਂ ਨੂੰ ਲਾਗ ਦਿੱਤਾ ਜਾਂਦਾ ਹੈ ਅਤੇ ਉਹਨਾਂ ਸਭ ਨੂੰ ਖੁਸ਼ੀਆਂ ਵਿਚ ਸ਼ਾਮਲ ਕਰ ਕੇ ਰੂਹ ਨੂੰ ਸਕੂਨ ਮਿਲਦਾ ਏ।

* ਪੁੱਛਦੀ ਪੁੱਛਾਂਦੀ ਮਾਲਣ ਗਲੀ ਚ ਆਈ
ਸ਼ਾਦੀ ਵਾਲਾ ਘਰ ਕਿਹੜਾ !
ਉਚੜੇ ਤੰਬੂ ਮਾਲਣ ਸਬਜ ਕਨਾਤਾਂ
ਸ਼ਾਦੀ ਵਾਲਾ ਘਰ ਇਹੋ।

* ਆ ਮੇਰੀ ਮਾਲਣ ਬੰਨ੍ਹ ਨੀ ਸਿਹਰਾ,
ਕਰ ਨੀ ਸਿਹਰੇ ਦਾ ਮੁੱਲ।
ਇੱਕ ਲੱਖ ਚੰਬਾ ਦੋ ਲੱਖ ਮਰੂਆ
ਤ੍ਰੈ ਲੱਖ ਸਿਹਰੇ ਦਾ ਮੁੱਲ। ......

ਇਸ ਤਰਾਂ ਇਹਨਾਂ ਗੀਤਾਂ ਵਿਚ ਨਿੱਕੇ ਨਿੱਕੇ ਚਾਅ ,ਉਮੰਗਾਂ,ਰੀਝਾਂ, ਖੁਸ਼ੀਆਂ ਪਰੋਈਆਂ ਹੋਈਆਂ ਹਨ। ਅੱਜ ਪੈਲੇਸ ਕਲਚਰ ਵਿਚ ਰਸਮ ਰੂਪ ਵਿਚ ਜੋ ਕੀਤਾ ਜਾਂਦਾ ਏ, ਉਸ ਵਿਚ ਉਹ ਨਿੱਘ ਅਤੇ ਉਤਸ਼ਾਹ ਨਹੀਂ ਹੈ। ਬਨਾਵਟੀਪਣ ਭਾਰੂ ਹੈ। ਲੰਮੀਆਂ ਹੇਕਾਂ ਲਗਾਉਣ ਦਾ ਕਿਸ ਵਿਚ ਜੇਰਾ ਹੈ ਅੱਜ ?? ਡੀ ਜੇ ਲਗਾ ਕੇ ,ਹਾਰ ਸ਼ਿੰਗਾਰ ਕੀਤੀਆਂ ਕੁੜੀਆਂ ਤੇ ਔਰਤਾਂ ਨੂੰ ਆਪਣੇ ਮੇਕ ਅਪ ਦਾ ਜ਼ਿਆਦਾ ਧਿਆਨ ਹੈ ਅਤੇ ਮੂਵੀ ਸਾਹਮਣੇ ਵੱਖ ਵੱਖ ਪੋਜ ਬਣਾਉਦੀਆਂ ਹੋਈਆਂ ਨੂੰ ਵੀਰ ਲਈ ਦੁਆਵਾਂ ਕਿੱਥੇ ਸੁੱਝਦੀਆਂ ਨੇ ???? ਕਾਸ਼ !
ਉਹ ਸਮਾਂ ਦੁਬਾਰਾ ਆ ਸਕਦਾ ਹੁੰਦਾ !!



## ਕਵਿਤਾ- ਕਿਸੇ ਲਈ

ਇਨਕਾਰ ਕਿਸੇ ਲਈ,ਇਜ਼ਹਾਰ ਕਿਸੇ ਲਈ।
ਓ ਫੁੱਲ ਕਿਸੇ ਲਈ,ਤੇ ਖ਼ਾਰ ਕਿਸੇ ਲਈ।
ਬੇਰੁੱਖੀ ਕਿਸੇ ਲਈ,ਪਿਆਰ ਕਿਸੇ ਲਈ।
ਹਾਮੀ ਕਿਸੇ ਲਈ, ਫਿਟਕਾਰ ਕਿਸੇ ਲਈ।
ਫੁੱਲ ਕਿੱਕਰਾਂ ਦਾ ਕਿਸੇ ਲਈ,ਕਿਸੇ ਲਈ ਗੁਲਾਬ।
ਬੇਪਰਦ ਕਿਸੇ ਲਈ,ਕਿਸੇ ਲਈ ਪਾਇਆ ਨਕਾਬ।
ਖੁੱਲ੍ਹੇ ਖ਼ਾਤੇ ਕਿਸੇ ਲਈ,ਕਿਸੇ ਲਈ ਬੰਦ ਹਿਸਾਬ ਕਿਤਾਬ।
ਕੰਜੂਸ ਮੱਖੀ ਚੂਸ ਕਿਸੇ ਲਈ, ਕਿਸੇ ਲਈ ਹੈ ਨਵਾਬ।
ਪ੍ਰਛਾਵੇਂ ਪਿੱਛੇ ਭੱਜਦਾ ਰਹਿੰਦਾ, ਕੋਈ ਕਿਸੇ ਲਈ।
ਸੁੱਖ ਸ਼ਾਂਤੀ ਤੱਜਦਾ ਰਹਿੰਦਾ, ਕੋਈ ਕਿਸੇ ਲਈ।
ਸੁੱਧ ਬੁੱਧ ਆਪਣੀ ਗਵਾ ਬੈਠੇ, ਕੋਈ ਕਿਸੇ ਲਈ।
ਹੋ ਝੱਲਾ ਖ਼ੁਦ ਨੂੰ ਝੱਲਾ ਮੁਕਾ ਬੈਠੇ, ਕੋਈ ਕਿਸੇ ਲਈ।

ਸਰਬਜੀਤ ਸੰਗਰੂਰਵੀ, 9463162463

## ਕਬਿੱਤ

ਬੱਚੇ ਲਈ ਮਾਂ ਬੇਸ਼ਕ, ਰੱਬ ਦਾ ਹੈ ਰੂਪ ਹੁੰਦੀ
ਪਿਤਾ ਦਾ ਵੀ ਹੁੰਦਾ ਹੈ, ਬੜਾ ਅਹਿਮ ਰੋਲ ਜੀ।
ਜੀਵਨ ਜਾਚ ਸਿਖਾਵੇ, ਨਾਲੇ ਲਾਡ ਵੀ ਲਡਾਵੇ
ਦੱਸੇ ਕਿੰਝ ਰੱਖਣਾ ਹੈ, ਜੀਵਨ ਸਮਤੋਲ ਜੀ।
ਪਿਤਾ ਝੱਲੇ ਜਿੰਮੇਵਾਰੀ, ਸਾਰੇ ਹੀ ਪਰਿਵਾਰ ਦੀ,
ਤਿਆਗ ਅਤੇ ਘਾਲਣਾ, ਉਹਦੀ ਅਨਮੋਲ ਜੀ।
ਘੁਰਕੀ 'ਚ ਪਿਤਾ ਦੀ ਹੈ, ਲੁਕਿਆ ਪਿਆਰ 'ਪ੍ਰੀਤ'
ਕੌੜਾ ਲੱਗੇ ਤੈਨੂੰ ਭਾਂਵੇ, ਉਹਦਾ ਕੋਈ ਬੋਲ ਜੀ।

## ਸਿੱਖੀ ਸੰਭਾਲ ਸਿੱਖਾ

ਗੁਰੂ ਨਾਨਕ ਦਾ ਇਹ ਬਾਗ ਹੈ, ਦਸ ਜਾਮਿਆਂ ਵਿੱਚ ਸ਼ਿੰਗਾਰਿਆ।
ਦੇ ਦੇ ਕੇ ਖੂਨ ਲੋਰੀਆਂ 300
ਤੋਂ ਵਧੀਕ ਸਾਲਾਂ ਵਿਚ ਪਾਲਿਆ।
ਕਲਗੀਧਰ ਪਿਤਾ ਨੇ ਦਸ਼ਮੇਸ ਜੀ ਨੇ ਆਪ ਸਰਬੰਸ ਸੀ ਵਾਰਿਆ।
ਸਵਾ ਲੱਖ ਨਾਲ ਇਕ ਲੜਾਕੇ, ਪਰਤਖ ਗੁਰੂ ਨੇ ਵਿਖਾਲਿਆ।
ਸਾਹਿਬ ਦੇਵਾਂ ਦੀ ਮਮਤਾ ਨੇ, ਲਾਈ ਜੋਤ ਪਤਾਲ ਓਏ।
ਸਿੱਖੀ ਸੰਭਾਲ ਸਿੱਖਾ, ਸਿੱਖੀ
ਸੰਭਾਲ।
1ਓ ਦੀ ਲਹਿਰ ਤੇਰੇ ਤੇ ਕਰਤਾ
ਪੁਰਖ ਤੇਰਾ ਵਾਲੀ ਏ।
ਨਾ ਭੈ ਨਾ ਵੈਰ ਕਿਸੇ ਨਾਲ ਤੂੰ
ਧਰਮ ਦਾ ਰਖਵਾਲੀ ਏ।
ਤੇਰੇ ਤੇ ਰਹਿਮਤ
10ਵਾਂ ਅੰਮ੍ਰਿਤ ਦਾ ਦਾਤਾ ਇਸ ਦਾ ਮਾਲੀ ਏ।
ਉੱਠ ਜਾਗ ਓ ਸੁਤਿਆ ਸ਼ੇਰਾਂ ਹੋਸ਼ ਸੰਭਾਲ ਓਏ।
ਸਿੱਖੀ ਸੰਭਾਲ ਸਿਖਾਂ ਸਿੱਖੀ ਸੰਭਾਲ ਸਿੱਖਾ।
ਮਾਂ ਗੁਜਰੀ ਦੀ ਸਿਖਿਆ ਤੈਨੂੰ
ਨੀਹਾਂ ਵਿੱਚ ਖਿਲਾਰ ਓਏ।
ਬਾਜਾਂ ਵਾਲੇ ਸਰਦਾਰੀ ਬਖਸ਼ੀ ਖੰਡੇ ਦੀ ਧਾਰ ਓਏ।
ਸਿੱਖੀ ਸੰਭਾਲ ਸਿਖਾਂ ਸਿੱਖੀ ਸੰਭਾਲ ਸਿੱਖਾ।
ਪਗੜੀ ਸੰਭਾਲ ਸਿਖਾਂ ਪਗੜੀ ਸੰਭਾਲ ਓਏ।
ਤੇਰੇ ਵਿਚ ਕਿਉ ਫੁਟ ਆ ਗਿਆ ਉਹ ਹੋਸ਼ ਸੰਭਾਲ।
ਤੇਰੇ ਆਪ ਰਾਖਾਂ ਵਾਹਿਗੁਰੂ ਅਕਾਲ ਓਏ।
ਕਲਗੀਆਂ ਵਾਲੇ ਬਖਸ਼ੀ ਸੋਚ ਦੀ ਭਭਕਾਰ ਓਏ।
ਅਜ ਫਿਰ ਤੈਨੂੰ ਰਾਜੇ ਬਾਈਦਾਰ ਲਲਕਾਰੇ।
ਸਿੱਖੀ ਸੰਭਾਲ ਸਿਖਾਂ ਸਿੱਖੀ ਸੰਭਾਲ ਸਿੱਖਾ।
ਆਪਣਾ ਧਰਮ ਪਹਿਚਾਣ ਤੂੰ
ਕਿਉ ਬੂਤ ਪੁਜਾ ਨੂੰ ਮਰਦਾ ਜਾ ਰਿਹਾ ਏ।
ਆਪਣਾ ਆਪ ਪਹਿਚਾਣ
ਤੂੰ ਕਲਗੀ ਧਰ ਦੀ ਦੇਣ ਹੈ।
ਸਿੱਖੀ ਸੰਭਾਲ ਸਿਖਾਂ ਸਿੱਖੀ ਸੰਭਾਲ ਸਿੱਖਾ।

ਸੁਰਜੀਤ ਸਾਰੰਗ
8130660205











